# 21

# ''ਐ ਖ਼ੁਦਾ, ਸਾਨੂੰ ਲੀਡਰ ਦੇ!''

## 2 ਸਮੂਏਲ 2-6 ; 23 ; 1 ਇਤਿਹਾਸ 11-14

ਸਾਡੇ ਵਕਤ ਦੀ ਪੁਕਾਰ ਹੈ ''ਐ ਖ਼ੁਦਾ, ਸਾਨੂੰ ਲੀਡਰ ਦੇ!'' ਸਰਕਾਰ ਹੋਵੇ ਜਾਂ ਘਰ, ਜਾਂ ਫਿਰ ਕਲੀਸੀਆ, ਹਰ ਥਾਂ ਗੱਲ ਇੱਕੋ ਹੀ ਹੈ। ਦੇਸ਼ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਦੀ ਗੱਲ ਕਰਦਿਆਂ ਅਸੀਂ ਕਹਿੰਦੇ ਹਾਂ, ''ਦਿਆਨਦਾਰ ਲੋਕ ਅੱਜ ਕਿੱਥੇ ਲੱਭਦੇ ਹਨ? ਅਸਲੀ ਲੀਡਰ ਤਾਂ ਜਿਵੇਂ ਗੁਆਚ ਹੀ ਗਏ ਹਨ?'' ਆਧੁਨਿਕ ਘਰਾਂ ਦਾ ਦਰਦ ਦੱਸਦਿਆਂ ਅਸੀਂ ਨਿਚੋੜ ਕੱਢਦੇ ਹਾਂ ''ਅੱਜ ਲੋਕ ਘਰਾਂ ਵਿਚ ਖ਼ਾਸ ਕਰ ਦੋ ਰੂਹਾਨੀ ਗੱਲਾਂ ਨੂੰ ਪਹਿਲ ਨਹੀਂ ਦਿੰਦੇ।'' ਪ੍ਰਭੂ ਦੀ ਕਲੀਸੀਆ ਦੇ ਸਾਹਮਣੇ ਆਉਣ ਵਾਲੀਆਂ ਦਿੱਕਤਾਂ ਤੇ ਚਰਚਾ ਕਰਦਿਆਂ ਸਾਫ਼ ਤੌਰ ਤੇ ਅਸੀਂ ਨਿਚੋੜ ਕੱਢਦੇ ਹਾਂ, ''ਜੇ ਸਾਡੇ ਵਿਚ ਅਜਿਹੇ ਆਗੂ ਹੋਣ ਜਿਹੋ ਜਿਹੇ ਖ਼ੁਦਾ ਚਾਹੁੰਦਾ ਹੈ, ਤਾਂ ਉਹ ਚੁਣੌਤੀਆਂ ਨਾਲ ਨਿਪਟ ਸਕਦੇ ਹਨ ਅਤੇ ਇਨ੍ਹਾਂ ਨਾਲ ਨਿਪਟ ਵੀ ਲੈਣਗੇ!''

ਇਹ ਦਿੱਕਤਾਂ ਸਿਰਫ਼ ਸਾਡੇ ਦੇਸ਼ ਵਿਚ ਨਹੀਂ ਪੂਰੀ ਦੁਨੀਆਂ ਦੀਆਂ ਹਨ। ਉਨ੍ਹਾਂ ਲੋਕਾਂ ਨਾਲ ਮਿਲ ਕੇ ਜਿਹੜੇ ਵਿਦੇਸ਼ਾਂ ਵਿਚ ਜਾਂਦੇ ਹਨ, ਕਿਸੇ ਵੀ ਦੇਸ਼ ਦੀ ਗੱਲ ਕਰੋ, ਸਿੱਟਾ ਇਕ ਹੀ ਨਿਕਲੇਗਾ ਕਿ ''ਚੰਗੇ ਆਗੂਆਂ ਦੀ ਕਮੀ ਹੈ।'' ਸਾਰਾ ਸੰਸਾਰ ਪੁਕਾਰ ਰਿਹਾ ਹੈ, ''ਐ ਖ਼ੁਦਾ, ਸਾਨੂੰ ਲੀਡਰ ਦੇ!''

ਲੀਡਰਸ਼ਿਪ ਦੀ ਲੋੜ ਇਸ ਯੁੱਗ ਦੀ ਨਹੀਂ ਹੈ। ਖ਼ੁਦਾ ਵੱਲੋਂ ਕਬੂਲੇ ਅਤੇ ਖ਼ੁਦਾ ਵੱਲੋਂ ਸਨਮਾਨਿਤ ਲੀਡਰਸ਼ਿਪ ਦੀ ਕਮੀ ਸਦੀਆਂ ਤੋਂ ਹੀ ਰਹੀ ਹੈ। ਯਕੀਨਨ ਅਜਿਹਾ ਹੀ ਸੀ। ਪਿਛਲੇ ਪਾਠ ਵਿਚ ਅਸੀਂ ਵੇਖਿਆ ਸੀ ਕਿ ਜਦ ਫ਼ਲਿਸਤੀਨੀਆਂ ਨਾਲ ਲੜਾਈ ਵਿਚ ਸ਼ਾਊਲ ਮਰ ਗਿਆ, ਤਾਂ ਦਾਊਦ ਲਈ ਗੱਦੀ ਤੇ ਬੈਠਣ ਦਾ ਰਾਹ ਸਾਫ਼ ਹੋ ਗਿਆ। ਅਸੀਂ ਜਿਸ ਗੱਲ ਤੇ ਧਿਆਨ ਨਹੀਂ ਦਿੱਤਾ ਉਹ ਇਸਰਾਏਲ ਕੌਮ ਦੀ ਰਾਹ ਦਾ ਤਬਾਹਕੁੰਨ ਪ੍ਰਭਾਵ ਸੀ।

ਫ਼ਲਿਸਤੀਆਂ ਨਾਲ ਇਸ ਮੰਦਭਾਗੀ ਲੜਾਈ ਤੋਂ ਪਹਿਲਾਂ ਇਸਰਾਏਲ ਵਿਚ ਵੀ ਲੀਡਸਰਸ਼ਿਪ ਦੀ ਦਿੱਕਤ ਸੀ। ਸ਼ਾਊਲ 40 ਸਾਲਾਂ ਦੀ ਗੈਰਜ਼ਿੰਮੇਦਾਰਾਨਾ ਅਤੇ ਸਨਕੀ ਹਕੂਮਤ ਦੌਰਾਨ ਦੇਸ਼ ਸਿਆਸੀ, ਮਾਲੀ ਅਤੇ ਰੂਹਾਨੀ ਪੱਖੋਂ ਕੰਗਾਲ ਹੋ ਚੁੱਕਿਆ ਸੀ। ਆਪਣੇ ਕਬੀਲੇ ਲਈ ਸ਼ਾਊਲ ਦੇ ਪੱਖਪਾਤ ਦੇ ਕਾਰਣ ਦੇਸ਼ ਵੰਡਿਆ ਜਾ ਚੁੱਕਿਆ ਸੀ। ਉਸ ਨੇ ਦਾਊਦ ਦਾ ਪਿੱਛਾ ਕਰਕੇ ਪਾਗਲਪਣ ਵਿਚ ਕੌਮੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ। ਸੁਰੱਖਿਆ ਲਈ, ਮਹਾਯਾਜਕ ਨੂੰ ਦਾਊਦ ਕੋਲ ਭੱਜ ਜਾਣ ਲਈ ਮਜਬੂਰ ਕੀਤਾ ਅਤੇ ਸ਼ਾਊਲ ਨੇ ਯਾਜਕਾਂ ਨੂੰ ਮਾਰ ਸੁੱਟਿਆ ਸੀ। ਇਸ ਸਭ ਤੋਂ ਵਧ ਕੇ ਇਸਰਾਏਲ ਦੀ ਫ਼ੌਜ ਫਲਿਸਤੀਆਂ ਤੋਂ ਬੁਰੀ ਤਰ੍ਹਾਂ ਹਾਰੀ ਸੀ, ਅਤੇ ਸ਼ਾਊਲ ਅਤੇ ਉਸ ਦੇ ਪੁੱਤਰ ਮਾਰੇ ਗਏ ਸਨ। 1 ਸਮੂਏਲ 31:7 ਉਸ ਹਾਰ ਦੇ ਨਤੀਜਿਆਂ ਬਾਰੇ ਦੱਸਦਾ ਹੈ:

> ਜਾਂ ਉਨ੍ਹਾਂ ਇਸਰਾਏਲੀ ਮਨੁੱਖਾਂ ਨੇ ਜੋ ਉਸ ਵਾਦੀ ਦੇ ਦੂਜੇ ਪਾਸੇ ਸਨ ਅਤੇ ਉਨ੍ਹਾਂ ਨੇ ਜੋ ਯਰਦਨੋਂ ਪਾਰ ਸਨ ਇਹ ਡਿੱਠਾ ਜੋ ਇਸਰਾਏਲ ਦੇ ਲੋਕ ਨੱਠੇ ਅਤੇ ਸ਼ਾਊਲ ਅਰ ਉਹ ਦੇ ਪੁੱਤਰ ਮੋਏ ਪਏ ਹਨ ਤਾਂ ਓਹ ਵੀ ਸ਼ਹਿਰਾਂ ਨੂੰ ਛੱਡ ਕੇ ਭੱਜ ਗਏ ਅਤੇ ਫ਼ਲਿਸਤੀ ਉਨ੍ਹਾਂ ਵਿਚ ਆਣ ਵੱਸੇ।

ਕਿਸੇ ਬਾਹਰਲੇ ਦੇਸ਼ ਵੱਲੋਂ ਸਾਡੇ ਦੇਸ਼ ਤੇ ਹਮਲਾ ਕਰਕੇ ਸਾਡੀਆਂ ਫ਼ੌਜਾਂ ਨੂੰ ਹਰਾ ਕੇ ਸਾਡੇ

ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਬਾਕੀ ਚੁਣੇ ਨੇਤਾਵਾਂ ਨੂੰ ਮਾਰ ਕੇ, ਦੇਸ਼ ਉੱਤੇ ਕਬਜ਼ਾ ਕਰ ਲੈਣ ਦੀ ਕਲਪਨਾ ਕਰੋ। ਇਸਰਾਏਲ ਨਾਲ ਵੀ ਇਹੀ ਹੋਇਆ ਸੀ, ਜਦ ਉਸਦੀ ਫ਼ੌਜ ਨੂੰ ਹਰਾ ਕੇ ਸ਼ਾਊਲ ਦਾ ਕਤਲ ਕਰ ਦਿੱਤਾ ਗਿਆ ਸੀ। ਡਬਲਯੂ. ਫਿੱਲਿਪ ਕੈੱਲਰ ਨੇ ਇਸਰਾਏਲ ਦੀ ਦੁਰਦਸ਼ਾ ਨੂੰ ਇਨ੍ਹਾਂ ਸ਼ਬਦਾਂ ਵਿਚ ਲਿਖਿਆ ਹੈ:

> ਪੂਰਾ ਦੇਸ਼ ... ਦੁਸ਼ਮਣ ਫ਼ਲਿਸਤੀਆਂ ਦੀ ਲੋਹੇ ਦੀ ਅੱਡੀ ਹੇਠਾਂ ਬੁਰੀ ਤਰ੍ਹਾਂ ਪਰੇਸ਼ਾਨ ਅਤੇ ਮਿੱਧਿਆ ਹੋਇਆ ਪਿਆ ਸੀ। ਬੇਰਹਿਮ ਹਮਲਾਵਰਾਂ ਨੇ ਸਭ ਤੋਂ ਖ਼ੂਬਸੂਰਤ ਨਗਰਾਂ ਤੇ ਕਬਜ਼ਾ ਕਰ ਲਿਆ ਸੀ। ਸ਼ਾਊਲ ਦੇ ਕਬਜ਼ੇ ਵਾਲੇ ਖੇਤਰ ਤੇ ਉਨ੍ਹਾਂ ਦਾ ਅਧਿਕਾਰ ਅਤੇ ਕਬਜ਼ਾ ਹੋ ਗਿਆ ਸੀ। ਸੋ ਇਸਰਾਏਲ ਹੁਣ ਯੁੱਧ ਵਿਚ ਮਾਰਿਆ ਅਤੇ ਕੁੱਟਿਆ ਹੋਇਆ ਦੇਸ਼ ਸੀ।[1]

ਇਸਰਾਏਲ ਕੌਮ ਨੇ ਹੀ ਲੀਡਰਸ਼ਿਪ ਲਈ ਪੁਕਾਰ ਕੀਤੀ ਸੀ, ਅਤੇ ਦਾਊਦ ਗੱਦੀ ਤੇ ਬੈਠਾ ਸੀ।

ਇਹ ਪਾਠ ਰਾਜੇ ਦੇ ਰੂਪ ਵਿਚ ਦਾਊਦ ਦੀਆਂ ਮੁੱਢਲੀਆਂ ਚੁਣੌਤੀਆਂ ਬਾਰੇ ਹੈ। ਅਸੀਂ 1 ਇਤਿਹਾਸ 11–14 ਨੂੰ ਜੋੜ ਕੇ 2 ਸਮੂਏਲ 2–6; 23 ਨੂੰ ਵੇਖਾਂਗੇ। ਇਹ ਵੇਖ ਕੇ ਕਿ ਯੱਸੀ ਦੇ ਪੁੱਤਰ ਨੇ ਖ਼ੁਦਾ ਦੀ ਮਦਦ ਨਾਲ ਚੁਣੌਤੀ ਦਾ ਸਾਹਮਣਾ ਕਿਵੇਂ ਕੀਤਾ ਸੀ, ਸ਼ਾਇਦ ਸਾਨੂੰ ਲੀਡਰਸ਼ਿਪ ਦੀ ਸਮਝ ਆ ਜਾਵੇ, ਜਿਸ ਦੀ ਅੱਜ ਬੜੀ ਲੋੜ ਹੈ।

## ਬੁੱਧਵਾਨ ਆਗੂ ਚਰਿੱਤਰਵਾਨ ਲੋਕ ਹੁੰਦੇ ਹਨ (2 ਸਮੂਏਲ 2:1-7)

ਇਸਰਾਏਲ ਨੂੰ ਅਗਵਾਈ ਦੀ ਲੋੜ ਸੀ, ਪਰ ਉਨ੍ਹਾਂ ਨੂੰ ਐਰਾ–ਗੈਰਾ ਆਗੂ ਜਾਂ ਲੀਡਰ ਨਹੀਂ ਚਾਹੀਦਾ ਸੀ। ਕੱਟੀ ਵੱਢੀ ਅਤੇ ਲਹੂ ਲੁਹਾਨ ਕੌਮ ਦੀ ਅਗਵਾਈ ਲਈ ਇਕ ਹਿੰਮਤੀ ਸੰਵੇਦਨਸ਼ੀਲ ਅਤੇ ਖ਼ੁਦਾ ਪ੍ਰਸਤ ਆਗੂ ਦੀ ਲੋੜ ਸੀ। ਚਰਵਾਹੇ ਦੇ ਖੇਤ ਦੇ ਇਕਾਂਤ ਵਿਚ ਮਹਿਲ ਦੀ ਸ਼ਾਨ–ਓ–ਸ਼ੌਕਤ ਵਿਚ ਅਤੇ ਜੰਗਲ ਦੀ ਮੁਸੀਬਤ ਵਿਚ ਤੀਹ ਸਾਲਾਂ ਤੋਂ ਖ਼ੁਦਾ ਇਕ ਅਜਿਹਾ ਆਦਮੀ ਤਿਆਰ ਕਰ ਰਿਹਾ ਸੀ।

ਖ਼ੁਦਾ ਦੇ ਆਗੂ ਲਈ ਪਹਿਲੀ ਸ਼ਰਤ ਇਹ ਹੈ ਕਿ ਉਹ ਆਦਰਯੋਗ ਹੋਵੇ। ਅਗਵਾਈ ਆਗੂ ਦੇ ਕੰਮ ਨਹੀਂ ਸਗੋਂ ਉਨ੍ਹਾਂ ਵਿਚ ਲੀਡਰਸ਼ਿਪ ਦੇ ਗੁਣ ਦੇ ਕਾਰਨ ਹੁੰਦੀ ਹੈ। 2 ਸਮੂਏਲ ਦੀਆਂ ਪਹਿਲੀਆਂ ਆਇਤਾਂ ਵਿਚ, ਅਸੀਂ ਦਾਊਦ ਦੇ ਵਿਹਾਰ ਬਾਰੇ ਕੁਝ ਜਾਨਿਆ ਸੀ: ਅਸੀਂ ਉਸ ਨੂੰ ਸ਼ਾਊਲ ਦੀ ਮੌਤ ਵਿਚ ਵਿਰਲਾਪ ਕਰਦੇ ਅਤੇ ਉਸ ਦੇ ਸਨਮਾਨ ਵਿਚ ਇਕ ਵੈਣ ਲਿਖਦਿਆਂ ਵੇਖਿਆ ਸੀ (2 ਸਮੂਏਲ 1:1–27); ਦਾਊਦ ਐਨਾ ਵੱਡਾ ਸੀ ਕਿ ਉਸਨੇ ਸ਼ਾਊਲ ਪ੍ਰਤੀ ਆਪਣੇ ਮਨ ਵਿਚ ਕਿਸੇ ਪ੍ਰਕਾਰ ਦਾ ਵਿਰੋਧ ਨਹੀਂ ਰੱਖਿਆ ਸੀ। ਅਸੀਂ ਦਾਊਦ ਨੂੰ ਖ਼ੁਦਾ ਤੋਂ ਇਹ ਪੁੱਛਦੇ ਵੇਖਿਆ ਸੀ ਕਿ ਕੀ ਉਹ ਦਾਊਦ ਦੇ ਨਗਰਾਂ ਵਿਚ ਵਾਪਸ ਪਰਤ ਜਾਵੇ (2:1–3); ਇਹ ਏਨਾ ਵੱਡਾ ਸੀ ਅਗਵਾਈ ਲਈ ਖ਼ੁਦਾ ਵੱਲ ਵੇਖ ਸਕਦਾ ਸੀ।

2:1 ਵਿਚ ਖ਼ੁਦਾ ਨੇ ਦਾਊਦ ਨੂੰ ਹੈਬਰੋਨ ਵਿਚ ਜਾਣ ਲਈ ਕਿਹਾ। ਹੈਬਰੋਨ ਯਹੂਦਾ ਦੇ ਸਭ ਤੋਂ ਸਨਮਾਨਤ ਨਗਰਾਂ ਵਿੱਚੋਂ ਇਕ ਸੀ। ਉੱਥੇ ਹੀ ਅਬਰਾਹਾਮ ਨੇ ਆਪਣੀ ਪਿਆਰੀ ਪਤਨੀ ਸਾਰਾਹ ਦੇ ਮਰਨ ਤੇ ਉਸ ਨੂੰ ਦਫ਼ਨਾਉਣ ਲਈ ਜ਼ਮੀਨ ਖ਼ਰੀਦੀ ਸੀ। ਯਹੋਸ਼ੁਆ ਦੀ ਫ਼ੌਜ ਵੱਲੋਂ ਦੇਸ਼ ਤੇ ਕਬਜ਼ਾ ਕਰਨ ਦੇ ਸਮੇਂ ਕਾਲੇਬ ਨੇ ਹੈਬਰੋਨ ਉੱਤੇ ਆਪਣੀ ਮੀਰਾਸ ਹੋਣ ਦਾ ਦਾਅਵਾ ਕੀਤਾ ਸੀ।

ਹੈਬਰੋਨ ਵਿਚ, ਹੁਣ ਤੀਹ ਸਾਲਾਂ ਦੇ ਹੋ ਚੁੱਕੇ ਦਾਊਦ ਨੂੰ ਹੁਣ ਰਾਜੇ ਦੇ ਰੂਪ ਵਿਚ ਪਹਿਲੀ ਵਾਰ ਪਛਾਣ ਮਿਲੀ। ''ਤਦ ਯਹੂਦਾਹ ਦੇ ਲੋਕ ਆਏ ਅਤੇ ਉੱਥੇ ਉਨ੍ਹਾਂ ਨੇ ਦਾਊਦ ਨੂੰ ਮਸਹ ਕੀਤਾ[2] ਜੋ ਉਹ ਯਹੂਦਾਹ ਦੇ ਘਰਾਣੇ ਦਾ ਬਾਦਸ਼ਾਹ ਬਣੇ'' (2:4)। ਧਿਆਨ ਦਿਓ ਕਿ ਯਹੂਦਾ ਦੇ ਕਬੀਲੇ ਦੇ ਆਗੂਆਂ ਨੇ ਹੀ ਦਾਊਦ ਨੂੰ ਰਾਜੇ ਦੇ ਰੂਪ ਵਿਚ ਮਾਨਤਾ ਦਿੱਤੀ ਸੀ। ਅਗਲੇ ਸਾਢੇ ਸੱਤ ਸਾਲ ਤਕ

ਦਾਊਦ ਇੱਕੋ ਹੀ ਕਬੀਲੇ ਭਾਵ ਯਹੂਦਾ ਦੇ ਘਰਾਣੇ ਤੇ ਰਾਜ ਕੀਤਾ।

ਦਾਊਦ ਦੇ ਗੱਦੀ ਤੇ ਬੈਠਦਿਆਂ ਹੀ ਉਸਦੇ ਸਾਹਮਣੇ ਉਹਦੇ ਵਿਹਾਰ ਦੀ ਚੁਣੌਤੀ ਆ ਪਈ। ਯਹੂਦਾ ਦੇ ਲੋਕਾਂ ਨੇ ਨਵਾਂ ਰਾਜਾ ਬਣਾਇਆ, ''ਅਤੇ ਲੋਕਾਂ ਨੇ ਏਹ ਆਖ ਕੇ ਦਾਊਦ ਨੂੰ ਖਬਰ ਦਿੱਤੀ ਭਈ ਜਿੰਨ੍ਹਾਂ ਨੇ ਸ਼ਾਊਲ ਨੂੰ ਦੱਸਿਆ ਸੀ ਸੋ ਯਾਬੇਸ਼ ਗਿਲਆਦ ਦੇ ਲੋਕ ਹਨ'' (2:4)।

ਫ਼ਲਿਸਤੀਆਂ ਨੇ ਸ਼ਾਊਲ ਅਤੇ ਉਹਦੇ ਪੁੱਤਰਾਂ ਦੀਆਂ ਲੋਥਾਂ ਲੱਭ ਕੇ ਉਨ੍ਹਾਂ ਦੇ ਸਿਰ ਵੱਢ ਲਏ ਸਨ ਅਤੇ ਉਨ੍ਹਾਂ ਦੀਆਂ ਲੋਥਾਂ ਬੇਤ–ਸ਼ਾਨ ਦੀ ਦੀਵਾਰ ਨਾਲ ਬੰਨ੍ਹ ਦਿੱਤੀਆਂ ਸਨ। ਫ਼ਲਿਸਤੀ ਲੋਕ ਇਸਰਾਏਲੀ ਇਲਾਕੇ ਵਿਚ ਅੱਗੇ ਤਕ ਚਲੇ ਗਏ ਸਨ। ਕਤਲੇਆਮ ਦੀ ਖਬਰ ਬਿਨਯਾਮੀਨ ਦੇ ਕਬੀਲੇ ਅਤੇ ਸ਼ਾਊਲ ਦੇ ਮਜ਼ਬੂਤ ਸਬੰਧਾਂ ਵਾਲੇ ਇਕ ਗੈਰਕੌਮ ਨਗਰ ਗਿਲਆਦ ਦੇ ਯਾਬੇਸ਼ ਵਿਚ ਪਹੁੰਚ ਗਈ ਸੀ।[3] ਆਪਣੀ ਜਾਨ ਨੂੰ ਜੋਖਿਮ ਵਿਚ ਪਾ ਕੇ ਯਾਬੇਸ਼ ਗਿਲਆਦ ਦੇ ਲੋਕ ਹਨ੍ਹੇਰੇ ਦੀ ਆੜ ਵਿਚ ਬੇਤ–ਸ਼ਾਨ ਵਿਚ ਜਾ ਕੇ ਲੋਥਾਂ ਉਤਾਰ ਕੇ ਉਨ੍ਹਾਂ ਨੂੰ ਆਦਰ ਨਾਲ ਦਫ਼ਨਾਉਣ ਲਈ ਯਾਬੇਸ਼ ਗਿਲਆਦ ਵਿਚ ਲੈ ਆਏ।[4]

ਇਸ ਖ਼ਬਰ ਨਾਲ ਦਾਊਦ ਦੀ ਕੀ ਪ੍ਰਤੀਕ੍ਰਿਆ ਹੋਣੀ ਸੀ? ਕੀ ਉਸਨੇ ਇਸ ਖ਼ਬਰ ਨੂੰ ਅਣਡਿੱਠਾ ਕਰਨਾ ਚਾਹੀਦਾ ਸੀ ਜਾਂ ਇਸ ਦਾ ਜਵਾਬ ਦੇਣਾ ਚਾਹੀਦਾ ਸੀ? ਯਾਦ ਰੱਖੋ ਕਿ ਯਾਬੇਸ਼ ਗਿਲਆਦ ਦੇ ਲੋਕ ਸ਼ਾਊਲ ਦੇ ਸਭ ਸਾਥੀਆਂ ਵਿੱਚੋਂ ਕੱਟੜ ਸਨ। ਦਾਊਦ ਦਾ ਜਵਾਬ ਦੋਸਤੀ ਦਾ ਹੱਥ ਬਾਹਰ ਕੱਢਣਾ ਸੀ। ਦਾਊਦ ਜਾਣਦਾ ਸੀ ਕਿ ਇਸਰਾਏਲ ਦੀ ਚੰਗਿਆਈ ਲਈ ਅਤੀਤ ਨੂੰ ਭੁਲਾਉਣਾ ਜ਼ਰੂਰੀ ਹੈ; ਅਤੇ ਉਹ ਜਾਣਦਾ ਸੀ ਕਿ ਖ਼ੁਦਾ ਦੇ ਮਸਹ ਦੇ ਰੂਪ ਵਿਚ ਉਸ ਦੇ ਲਈ ਅਗਵਾਈ ਕਰਨਾ ਜ਼ਰੂਰੀ ਹੈ। ਰਾਜੇ ਦੇ ਰੂਪ ਵਿਚ ਉਸ ਦਾ ਪਹਿਲਾ ਅਧਿਕਾਰ ਵਾਲਾ ਕੰਮ ਦੂਤਾਂ ਦਾ ਯਾਬੇਸ਼–ਗਿਲਆਦ ਵਿਚ ਉਨ੍ਹਾਂ ਦੀ ਬਹਾਦਰੀ ਅਤੇ ਤਰਸ ਭਰੇ ਕੰਮ ਲਈ ਧੰਨਵਾਦੀ ਹੋਣਾ ਸੀ।

ਦਾਊਦ ਦੀ ਹਕੂਮਤ ਵਿੱਚੋਂ ਦੀ ਗੁਜ਼ਰਦੇ ਹੋਏ, ਅਸੀਂ ਉਸਦੀ ਫ਼ਰਾਖ਼ਦਿਲੀ ਦੇ ਨਾਲ ਨਾਲ ''ਆਪਣੇ ਵਾਅਦੇ ਨੂੰ ਪੂਰਾ ਕਰਨ'' ਦੀਆਂ ਉਸ ਦੀਆਂ ਬਾਕੀ ਮਿਸਾਲਾਂ ਨੂੰ ਵੇਖਾਂਗੇ।[5] ਸਾਨੂੰ ਅਜਿਹੇ ਹੀ ਸਮਰਪਣ ਵਾਲੇ ਆਗੂਆਂ ਦੀ ਲੋੜ ਹੈ!

## ਬੁੱਧਵਾਨ ਆਗੂ ਏਕਤਾ ਦੀ ਫ਼ਿਕਰ ਕਰਦੇ ਹਨ (2 ਸਮੂਏਲ 2:8-3:1, 6-13, 17-21)

ਇਕ ਆਗੂ ਦੇ ਮਨ ਵਿਚ ਇਹ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਕੀ ਜ਼ਰੂਰੀ ਹੈ। ਆਪਣੇ ਟੀਚੇ ਨੂੰ ਪਾਉਣ ਲਈ ਉਸ ਨੂੰ ਪਹਿਲ ਦੇ ਅਧਾਰ ਤੇ ਕੰਮ ਕਰਨਾ ਚਾਹੀਦਾ ਹੈ। ਫਿਰ ਉਸ ਨੂੰ ਉਨ੍ਹਾਂ ਮਿਥੇ ਟੀਚਿਆਂ ਨੂੰ ਪੂਰਾ ਕਰਨ ਵਿਚ ਲਗ ਜਾਣਾ ਚਾਹੀਦਾ ਹੈ।

ਯਾਬੇਸ਼ ਗਿਲਆਦ ਦੇ ਆਦਮੀਆਂ ਨੂੰ ਦਾਊਦ ਵੱਲੋਂ ਬਰਕਤ ਦੇਣ ਦੀ ਗੱਲ ਤੋਂ ਸਾਫ਼ ਸਮਝ ਆ ਜਾਂਦੀ ਹੈ ਕਿ ਦਾਊਦ ਨੇ ਵੇਖਿਆ ਕਿ ਉਸ ਦਾ ਪਹਿਲਾ ਮਕਸਦ ਪੁਰਾਣੇ ਜ਼ਖਮਾਂ ਨੂੰ ਭਰਨਾ ਅਤੇ ਲੋਕਾਂ ਨੂੰ ਇਕੱਠਾ ਕਰਨਾ ਸੀ। ਇਕੱਠੇ ਹੋਏ ਬਿਨਾਂ ਉਹ ਆਪਣੇ ਸਾਂਝੇ ਦੁਸ਼ਮਣ ਫ਼ਲਿਸਤੀਨ ਦਾ ਸਾਹਮਣਾ ਨਹੀਂ ਕਰ ਸਕਦੇ ਸਨ। ਇਸ ਤੋਂ ਇਲਾਵਾ, ਜਦ ਤਕ ਵੰਡੇ ਹੋਏ ਸਨ ਤਦ ਤਕ ਉਨ੍ਹਾਂ ਦੇ ਅਤੇ ਖ਼ੁਦਾ ਵਿਚਕਾਰ ਵੀ ਰੁਕਾਵਟ ਸੀ (1 ਯੂਹੰਨਾ 4:20)। ਇਸ ਤੋਂ ਇਲਾਵਾ ਇਕ ਹੋਏ ਬਗ਼ੈਰ ਉਹ ਨਾ ਤਾਂ ਵਧ ਸਕਦੇ ਸਨ ਅਤੇ ਨਾ ਹੀ ਤਰੱਕੀ ਕਰ ਸਕਦੇ ਸਨ। ਦਾਊਦ ਦੀ ਇਕ ਮਹਾਨ ਕਵਿਤਾ ਇੰਜ ਸ਼ੁਰੂ ਹੁੰਦੀ ਹੈ, ''ਵੇਖੋ, ਕਿੰਨਾ ਚੰਗਾ ਅਤੇ ਸੋਹਣਾ ਹੈ ਭਈ ਭਰਾ ਮਿਲ ਜੁਲ ਕੇ ਵੱਸਣ!'' (ਜ਼ਬੂਰ 133:1)। ਦਾਊਦ ਦੇ ਏਜੰਡੇ ਵਿਚ ਖ਼ੁਦਾ ਦੇ ਹਰ ਆਗੂ ਵਾਂਗ ਏਕਤਾ ਨੂੰ ਖ਼ਾਸ ਥਾਂ ਦਿੱਤੀ ਗਈ ਸੀ।[6]

ਇਸ ਦਾ ਅਰਥ ਇਹ ਨਹੀਂ ਕਿ ਏਕਤਾ ਦਾ ਰਾਹ ਪੱਧਰਾ, ਛਾਂ ਵਾਲਾ ਅਤੇ ਅਸਾਨ ਸੀ। ਹਰ ਕੋਈ ਏਕਤਾ ਨਹੀਂ ਚਾਹੁੰਦਾ। ਜਦ ਮੈਂ ਜਵਾਨ ਸਾਂ ਤਾਂ ਮੈਨੂੰ ਲਗਦਾ ਸੀ ਕਿ ਬਹੁਤ ਸਾਰੇ ਕਹਿੰਦੇ ਹਨ

ਕਿ ਏਕਤਾ ਹੋਣੀ ਚਾਹੀਦੀ ਹੈ ਪਰ ਮੈਂ ਪਾਇਆ ਕਿ ਬਹੁਤ ਸਾਰੇ ਲੋਕ ਹਨ ਜਿਹੜੇ ਫੁੱਟ ਚਾਹੁੰਦੇ ਹਨ, ਅਤੇ ਕੁਝ ਤਾਂ ਆਪਣੇ ਮਕਸਦਾਂ ਨੂੰ ਪੂਰਾ ਕਰਨ ਲਈ ਫੁੱਟ ਪਾਉਣ ਦੇ ਕੰਮ ਵਿਚ ਰੁੱਝੇ ਰਹਿੰਦੇ ਹਨ।

ਏਕਤਾ ਲਈ ਦਾਊਦ ਦੀ ਪਹਿਲੀ ਰੁਕਾਵਟ ਅਬਨੇਰ ਸੀ। ਸ਼ਾਊਲ ਦੀਆਂ ਫ਼ੌਜਾਂ ਦਾ ਜਰਨੈਲ ਹੋਣ ਕਰਕੇ (1 ਸਮੂਏਲ 17:55; 26:5), ਅਬਨੇਰ ਇਸਰਾਏਲੀਆਂ ਦੀ ਹਾਰ ਅਤੇ ਖਿੰਡਣ ਦਾ ਮੁੱਖ ਕਾਰਣ ਸੀ। ਸ਼ੁਰੂ ਵਿਚ ਉੱਤਰ ਵਿਚ ਦਾਊਦ ਨੂੰ ਰਾਜਾ ਬਣਾਉਣ ਦੀ ਲੋਕ ਲਹਿਰ ਚੱਲੀ ਸੀ (ਵੇਖੋ 2 ਸਮੂਏਲ 3:17); ਉਸ ਸਮੇਂ ਅਬਨੇਰ ਅਸਾਨੀ ਨਾਲ ਉੱਤਰੀ ਇਸਰਾਏਲ ਦੀ ਹਮਾਇਤ ਦਾਊਦ ਨੂੰ ਦੁਆ ਸਕਦਾ ਸੀ। ਪਰ ਦਾਊਦ ਦੀ ਹਮਾਇਤ ਕਰਨ ਦੀ ਥਾਂ ਅਬਨੇਰ ਨੇ ਆਪਣਾ ਹੀ ਏਜੰਡਾ ਰੱਖਿਆ।

ਅਬਨੇਰ ਨੂੰ ਸਮਝਣਾ ਔਖਾ ਹੈ। ਕਈ ਪੱਖਾਂ ਤੋਂ ਬਹਾਦਰ, ਯੋਗ, ਅਤੇ ਮਾਲਕ ਪ੍ਰਤੀ ਬੇਹੱਦ ਵਫ਼ਾਦਾਰ ਸੀ। ਉਸਦੀ ਮੌਤ ਤੇ ਦਾਊਦ ਨੇ ਉਸ ਨੂੰ ''... ਇਸਰਾਏਲ ਵਿਚ ... ਇਕ ਪ੍ਰਧਾਨ ਅਤੇ ਪ੍ਰਤਾਪੀ ਮਨੁੱਖ'' ਕਿਹਾ (2 ਸਮੂਏਲ 3:38)।[7] ਇਸ ਤੋਂ ਇਲਾਵਾ ਅਬਨੇਰ ਨੂੰ ਪਤਾ ਸੀ ਕਿ ਰਾਜੇ ਦੇ ਰੂਪ ਵਿਚ ਖ਼ੁਦਾ ਨੇ ਸ਼ਾਊਲ ਨੂੰ ਰਾਜਾ ਬਣਨ ਤੋਂ ਰੱਦਿਆ ਅਤੇ ਅਗਲਾ ਰਾਜਾ ਬਣਨ ਲਈ ਦਾਊਦ ਨੂੰ ਹੀ ਚੁਣਿਆ ਹੈ।[8]

ਤਾਂ ਫਿਰ ਅਬਨੇਰ ਨੇ ਦਾਊਦ ਨੂੰ ਹਮਾਇਤ ਕਿਉਂ ਨਹੀਂ ਦਿੱਤੀ? ਸ਼ਾਇਦ ਦਾਊਦ ਪ੍ਰਤੀ ਉਹ ਦੀ ਭਰਮ ਭਰੀ ਵਫ਼ਾਦਾਰੀ ਕਾਰਣ। ਸ਼ਾਇਦ (ਜਿਵੇਂ ਕਈ ਲੋਕਾਂ ਦਾ ਵਿਚਾਰ ਹੋ ਸਕਦਾ ਹੈ) ਅਬਨੇਰ ਸੁਆਰਥੀ ਭਾਵਨਾ ਨਾਲ ਭਰ ਗਿਆ ਸੀ। 3:6 ਵਿਚ ਇਹ ਧਿਆਨ ਦੁਆਇਆ ਗਿਆ ਹੈ ਕਿ ''ਜਾਂ ਸ਼ਾਊਲ ਦੇ ਘਰਾਣੇ ਅਤੇ ਦਾਊਦ ਦੇ ਘਰਾਣੇ ਵਿਚ ਲੜਾਈ ਹੋ ਰਹੀ ਸੀ ਤਾਂ ... ਅਬਨੇਰ ਨੇ ਸ਼ਾਊਲ ਦੇ ਘਰਾਣੇ ਵਿਚ ਆਪਣੇ ਆਪ ਨੂੰ ਤਕੜਿਆਂ ਕੀਤਾ।'' ਅਬਨੇਰ ਸ਼ਾਊਲ ਦਾ ਰਿਸ਼ਤੇਦਾਰ ਵੀ ਸੀ[9] ਇਸ ਲਈ ਸ਼ਾਇਦ ਉਸ ਨੂੰ ਖ਼ੁਦ ਵੀ ਗੱਦੀ ਤੇ ਬੈਠਣ ਦੀ ਉਮੀਦ ਹੋਵੇਗੀ।

ਅਬਨੇਰ ਦੇ ਜੋ ਵੀ ਕਾਰਣ ਹੋਣ, ਯਹੂਦਾ ਦੇ ਦੁਸ਼ਮਣਾਂ ਨਾਲ ਲੜਾਈ ਭੜਕਾਉਣ ਕਰਕੇ ਇਸਰਾਏਲ ਵਿਚ ਸਾਲਾਂ ਤਕ ਚੱਲੀ ਖ਼ੂਨੀ ਜੰਗ ਦਾ ਜ਼ਿੰਮੇਵਾਰ ਉਹੀ ਸੀ। 2:12–32 ਵਿਚ ਇਨ੍ਹਾਂ ਵਿੱਚੋਂ ਇਕ ਜੰਗ ਬਾਰੇ ਪੜ੍ਹਦੇ ਹਾਂ। ਅਬਨੇਰ ਅਤੇ ਉਹਦੇ ਆਦਮੀਆਂ ਨੇ ਯਰੂਸ਼ਲਮ ਦੇ ਕੁਝ ਮੀਲ ਉੱਤਰ ਵੱਲ ਗਿਬਓਨ ਦੇ ਸੁੰਦਰ ਤਲਾਅ ਦੇ ਯੋਆਬ[10] ਅਤੇ ਉਹਦੀਆਂ ਫ਼ੌਜਾਂ ਨਾਲ ਮੁਕਾਬਲਾ ਕੀਤਾ ਸੀ। ਯੋਆਬ ਆਪਣੇ ਦੋ ਭਰਾਵਾਂ ਅਬੀਸ਼ੈ[11] ਅਤੇ ਅਸਾਹੇਲ ਦੇ ਨਾਲ ਸੀ; ਉਹ ਸਭ ਦਾਊਦ ਦੇ ਭਣੇਵੇਂ ਸਨ।[12] ਸਭ ਲੋਕਾਂ ਦੇ ਜੰਗ ਤੇ ਜਾਣ ਦੀ ਥਾਂ, ਅਬਨੇਰ ਨੇ ਸੁਝਾਅ ਦਿੱਤਾ ਕਿ ਉਸ ਦੇ ਬਾਰਾਂ ਆਦਮੀ ਯੋਆਬ ਦੇ ਬਾਰਾਂ ਆਦਮੀਆਂ ਵਿੱਚੋਂ ਇਕ ਇਕ ਨਾਲ ਭਿੜਨ ਜਿਵੇਂ ਕਿ ਦਾਊਦ ਅਤੇ ਗੋਲੀਅਥ ਦੇ ਮੁਕਾਬਲੇ ਵਾਂਗ ਸੀ। ਪਰ ਪੂਰੀ ਤਰ੍ਹਾਂ ਲੜਾਈ ਭਖਣ ਵਿਚ ਦੇਰ ਨਾ ਲੱਗੀ, ਜਿਸ ਵਿਚ ਯੋਆਬ ਅਤੇ ਉਸਦੀ ਫ਼ੌਜ ਨੂੰ ਫੈਸਲਾਕੁੰਨ ਜਿੱਤ ਮਿਲੀ।[13]

ਅਬਨੇਰ ਅਤੇ ਉਸਦੀ ਫ਼ੌਜ ਦੇ ਨੱਸ ਜਾਣ ਤੇ, ਯੋਆਬ ਦੇ ਭਰਾ ਅਸਾਹੇਲ ਨੇ ਜਿਹੜਾ ਤਕੜਾ ਦੌੜਾਕ ਸੀ, ਹਿਰਨ ਵਰਗੀ ਫ਼ੁਰਤੀ ਨਾਲ ਅਬਨੇਰ ਦਾ ਪਿੱਛਾ ਕੀਤਾ। ਪੁਰਾਣਾ ਸਿਪਾਹੀ ਅਬਨੇਰ ਉਸ ਜਵਾਨ ਨੂੰ ਮਾਰਨਾ ਨਹੀਂ ਚਾਹੁੰਦਾ ਸੀ ਇਸ ਲਈ ਉਸ ਨੇ ਉਸ ਨੂੰ ਉਹਦਾ ਪਿੱਛਾ ਨਾ ਕਰਨ ਦੀ ਬੇਨਤੀ ਕੀਤੀ (2:22), ਪਰ ਉਹ ਨਾ ਮੰਨਿਆ! ਅਖ਼ੀਰ ਅਬਨੇਰ ਨੇ ਆਪਣੇ ਬਰਛੇ ਦੀ ਪਿਛਾੜੀ ਉਹਦੇ ਪੇਟ ਵਿਚ ਅਜਿਹੀ ਮਾਰੀ ਕਿ ਅਸਾਹੇਲ ਉੱਥੇ ਹੀ ਢੇਰ ਹੋ ਗਿਆ (2:23)।[14] ਇਸ ਦੁਖਦ ਦ੍ਰਿਸ਼ ਨਾਲ ਉਸਦਾ ਪਿੱਛਾ ਹੋਣਾ ਘੱਟ ਹੋ ਗਿਆ, ਜਿਸ ਨਾਲ ਅਬਨੇਰ ਨੂੰ ਮੁੜ ਸੰਗਠਿਤ ਹੋਣ ਦਾ ਮੌਕਾ ਮਿਲਿਆ। ਹੁਣ ਯੋਆਬ ਤੇ ਬਾਕੀ ਲੋਕਾਂ ਨੇ ਅਬਨੇਰ ਨੂੰ ਘੇਰ ਲਿਆ, ਤਾਂ ਉਹ ਅਤੇ ਉਹਦੇ ਸਾਥੀ ਘਿਰ ਗਏ। ਅਬਨੇਰ ਨੇ ਯੋਆਬ ਨੂੰ ਸਮਝਾਇਆ ਕਿ ਹੋਰ ਖ਼ੂਨ ਨਾ ਵਹਾਇਆ ਜਾਵੇ, ਅਤੇ ਦੋਵੇਂ ਪਾਸੇ ਘਰੀਂ ਪਰਤ ਗਏ।

ਯਹੂਦਾ ਦੇ ਕਬੀਲੇ ਨੂੰ ਉੱਤਰੀ ਕਬੀਲਿਆਂ ਅਧੀਨ ਕਰਨ ਦੀ ਯੋਆਬ ਦੀ ਨੀਤੀ ਸਫ਼ਲ ਨਹੀਂ ਹੋਈ ਕਿਉਂਕਿ ਖ਼ੁਦਾ ਦਾਊਦ ਦੇ ਅੰਗ ਸੰਗ ਸੀ। 3:1 ਵਿਚ ਅਸੀਂ ਪੜ੍ਹਦੇ ਹਾਂ ''ਸੋ ਸ਼ਾਊਲ ਦੇ ਘਰਾਣੇ ਅਤੇ ਦਾਊਦ ਦੇ ਘਰਾਣੇ ਵਿਚ ਚਿਰ ਤੋੜੀ ਜੁੱਧ ਹੁੰਦਾ ਰਿਹਾ ਪਰ ਦਾਊਦ ਦਿਨੋਂ ਦਿਨ ਤਕੜਾ ਹੁੰਦਾ ਗਿਆ ਪਰ ਸ਼ਾਊਲ ਦਾ ਘਰਾਣਾ ਮਾੜਾ ਹੁੰਦਾ ਗਿਆ।''

ਸਾਢੇ ਪੰਜ ਸਾਲਾਂ ਬਾਅਦ ਅਬਨੇਰ ਨੇ ਇਕ ਨਵੀਂ ਚਾਲ ਚੱਲੀ। ਉਸ ਨੇ ਉੱਤਰੀ ਕਬੀਲਿਆਂ ਤੇ ਸ਼ਾਊਲ ਦੇ ਪੁੱਤਰਾਂ ਵਿੱਚੋਂ ਇਕ ਨੂੰ ਗੱਦੀ ਤੇ ਬਿਠਾ ਦਿੱਤਾ।[15]

> ਪਰ ਨੇਰ ਦੇ ਪੁੱਤਰ ਅਬਨੇਰ ਨੇ ਜਿਹੜਾ ਸ਼ਾਊਲ ਦਾ ਸੈਨਾਪਤੀ ਸੀ ਸ਼ਾਊਲ ਦੇ ਪੁੱਤਰ ਈਸ਼ਬੋਸ਼ਥ ਨੂੰ ਲੈ ਕੇ ਉਹ ਨੂੰ ਮਹਨਾਇਮ ਵਿਚ ਅੱਪੜਾ ਦਿੱਤਾ।[16] ਅਤੇ ਉਹ ਨੂੰ ... ਸਾਰੇ ਇਸਰਾਏਲ ਦਾ ਪਾਤਸ਼ਾਹ ਬਣਾ ਦਿੱਤਾ। ਅਤੇ ਸ਼ਾਊਲ ਦੇ ਪੁੱਤਰ ਈਸ਼ਬੋਸ਼ਥ ਦੀ ਉਮਰ ਚਾਲੀਹਾਂ ਵਰਿਹਾਂ ਦੀ ਸੀ ਅਤੇ ਜਿਸ ਵੇਲੇ ਉਹ ਇਸਰਾਏਲ ਦਾ ਬਾਦਸ਼ਾਹ ਬਣਿਆ ਅਤੇ ਉਸਨੇ ਦੋ ਵਰ੍ਹੇ ਰਾਜ ਕੀਤਾ ... (2:8–10)।

ਇੱਥੇ ਅਸੀਂ ਪਹਿਲੀ ਵਾਰ ਪੜ੍ਹਦੇ ਹਾਂ ਕਿ ਸ਼ਾਊਲ ਦਾ ਈਸ਼ਬੋਸ਼ਥ[17] (ਜਾਂ ਅਸ਼ਬਆਲ[18]) ਨਾਮਕ ਕੋਈ ਪੁੱਤਰ ਸੀ। ਉਹ ਜ਼ਾਹਰੀ ਤੌਰ ਤੇ ਜੰਗ ਵਿਚ ਮਰਨ ਵਾਲੇ ਤਿੰਨਾਂ ਪੁੱਤਰਾਂ ਤੋਂ ਛੋਟਾ ਸੀ।[19] ਕਿਸੇ ਤਰ੍ਹਾਂ ਗਿਲਬੋਆ ਪਹਾੜ ਅਤੇ ਆਪਣੇ ਬਾਪ ਤੇ ਤਿੰਨ ਭਰਾਵਾਂ ਦੀ ਮੌਤ ਸਮੇਂ ਬਚ ਗਿਆ ਸੀ। ਕਿਉਂਕਿ ਈਸ਼ਬੋਸ਼ਥ ਇਕ ਕਮਜ਼ੋਰ ਆਦਮੀ ਸੀ (ਤੁਲਨਾ 2 ਸਮੂਏਲ 3:11; 4:1), ਸੰਭਵ ਹੈ ਕਿ ਉਹ ਇਸ ਲਈ ਜੰਗ ਵਿਚ ਨਹੀਂ ਗਿਆ ਸੀ।

ਈਸ਼ਬੋਸ਼ਥ ਨੇ ਇਕ ਕਠਪੁਤਲੀ ਹਾਕਮ ਦੇ ਰੂਪ ਵਿਚ ਬਾਰਾਂ ਸਾਲ ਰਾਜ ਕੀਤਾ, ਜਦਕਿ ਅਸਲੀ ਤਾਕਤ ਅਬਨੇਰ ਦੇ ਹੱਥ ਵਿਚ ਸੀ। ਇਹ ਇਕ ਰੁਕਾਵਟ ਹੀ ਸੀ ਜਿਹੜੀ ਸਦਾ ਤਕ ਰਹਿ ਸਕਦੀ ਸੀ, ਜਿਸ ਕਾਰਣ ਦਾਊਦ ਲੋਕਾਂ ਵਿਚ ਏਕਤਾ ਨਾ ਲਿਆ ਸਕਿਆ। ਪਰ ਅਚਾਨਕ ਇਕ ਨਾਟਕੀ ਮੋੜ ਆਇਆ। ਮਨੁੱਖ ਦੇ ਮਾਮਲਿਆਂ ਵਿਚ ਖ਼ੁਦਾ ਦਾ ਦਖਲ ਉੱਥੇ ਫੇਰ ਵੇਖਿਆ ਜਾ ਸਕਦਾ ਸੀ। ਇਕ ਦਿਨ ਈਸ਼ਬੋਸ਼ਥ ਨੇ ਅਬਨੇਰ ਉੱਤੇ ਉਸ ਦੇ ਬਾਪ ਦੀ ਰਖੇਲ ਕੋਲ ਜਾਣ ਦਾ ਇਲਜ਼ਾਮ ਲਾ ਦਿੱਤਾ।[20] ਰਾਜੇ ਦੀ ਕਿਸੇ ਰਖੇਲ ਉੱਤੇ ਹੱਕ ਜਤਾਉਣ ਦਾ ਮਤਲਬ ਪੂਰੇ ਹਰਮ ਉੱਤੇ ਦਾਅਵਾ ਕਰਨਾ ਸੀ, ਜਿਸ ਦਾ ਮਤਲਬ ਗੱਦੀ ਉੱਤੇ ਕਬਜ਼ਾ ਕਰਨਾ ਸੀ। ਇਕ ਤਰ੍ਹਾਂ ਨਾਲ ਈਸ਼ਬੋਸ਼ਥ ਅਬਨੇਰ ਉੱਤੇ ਰਾਜ ਗੱਦਾਰੀ ਦਾ ਇਲਜ਼ਾਮ ਲਾ ਰਿਹਾ ਸੀ। ਅਬਨੇਰ ਕ੍ਰੋਧਿਤ ਹੋ ਗਿਆ।

> ''ਭਲਾ, ਮੈਂ ਯਹੂਦਾ ਦੇ ਕੁੱਤੇ ਦਾ ਸਿਰ ਹਾਂ, ਜੋ ਇਸ ਤਰ੍ਹਾਂ ਇਧਰ-ਓਧਰ ਠੁੱਡ ਖਾਵਾਂ?'' ਉਹ ਚਿੱਲਾਇਆ। ''ਆਖਰ ਅੱਜ ਦੇ ਦਿਨ ਤਕ ਤੈਨੂੰ ਅਤੇ ਤੇਰੇ ਪਿਓ ਨੂੰ ਦਾਊਦ ਦੇ ਹੱਥ ਨਾ ਦੇਣ ਦਾ ਇਹੀ ਇਨਾਮ ਮਿਲਿਆ ...? ਲਾਨ੍ਹਤ ਹੈ ਮੇਰੇ ਉੱਤੇ ਜੇ ਮੈਂ ਯਹੋਵਾ ਦੀ ਨਬੂਵਤ ਮੁਤਾਬਕ ਦਾਨ ਤੋਂ ਲੈ ਕੇ ਬਏਰਸ਼ਬਾ ਤਕ ਤੇਰੀ ਸਾਰੀ ਹਕੂਮਤ ਨੂੰ ਖੋਹ ਕੇ ਦਾਊਦ ਨੂੰ ਦੇਣ ਲਈ ਦਿਨ-ਰਾਤ ਇਕ ਨਾ ਕਰ ਦਿਆਂ'' (3:8–10; LB)।

ਈਸ਼ਬੋਸ਼ਥ ਨੂੰ ਗੱਦੀ ਉੱਤੇ ਬਿਠਾਉਣਾ ਉੱਤਰੀ ਫ਼ਲਿਸਤੀਆਂ ਵਿਚ ਬੁਝੀਆਂ ਉਮੀਦਾਂ ਫੇਰ ਤੋਂ ਜਗਾਉਣਾ ਅਤੇ ਸ਼ਾਊਲ ਦੇ ਇਕ ਪੁੱਤਰ ਦੇ ਆਲੇ ਦੁਆਲੇ ਜਮ੍ਹਾਂ ਕਰਨਾ ਅਬਨੇਰ ਦੀ ਮਾਯੂਸੀ ਹੋ ਸਕਦੀ ਹੈ। ਪਰ ਈਸ਼ਬੋਸ਼ਥ ਉਸ ਦੇ ਉਲਟ ਹੋ ਗਿਆ, ਤਾਂ ਅਬਨੇਰ ਨੂੰ ਲੱਗਿਆ ਕਿ ਉਸ ਦੀ ਦਾਲ ਗਲਣ ਵਾਲੀ ਨਹੀਂ। ਮੱਕਾਰ ਪੁਰਾਣੇ ਯੋਧੇ ਨੇ ਬੁਰੇ ਹਾਲਾਤ ਦਾ ਫ਼ਾਇਦਾ ਚੁੱਕਣ ਦਾ ਫੈਸਲਾ ਕੀਤਾ। ਉਸਨੇ ਦਾਊਦ ਨੂੰ ਆਪਣੀ ਹਮਾਇਤ ਦੇਣ ਦੀ ਪੇਸ਼ਕਸ਼ ਕਰਨ ਲਈ ਉਸ ਕੋਲ ਦੂਤ ਘੱਲੇ

(2 ਸਮੂਏਲ 3:12)।

ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਸ ਪੇਸ਼ਕਸ਼ ਨਾਲ ਦਾਊਦ ਕਿੰਨਾ ਹੈਰਾਨ ਹੋਇਆ ਹੋਵੇਗਾ? ਹਰ ਸ਼ਾਮ ਦਾਊਦ ਖ਼ੁਦਾ ਅੱਗੇ ਪੁਕਾਰਦਾ ਹੋਵੇਗਾ, ''ਐ ਖ਼ੁਦਾ, ਅਜਿਹਾ ਕਦ ਤਕ ਹੁੰਦਾ ਰਹੇਗਾ, ਭਰਾ ਨੂੰ ਭਰਾ ਕਦ ਤਕ ਮਾਰਦਾ ਰਹੇਗਾ?'' ਤਦੇ, ਜਦ ਕੋਈ ਕੰਢਾ ਨਜ਼ਰ ਨਹੀਂ ਆ ਰਿਹਾ ਸੀ, ਉਸ ਨੂੰ ਆਖ਼ਰੀ ਆਦਮੀ, ਅਬਨੇਰ ਵੱਲੋਂ ਜਿਸ ਤੋਂ ਦਾਊਦ ਨੂੰ ਆਖ਼ਰੀ ਉਮੀਦ ਸੀ, ਸ਼ਾਂਤੀ ਦੀ ਇਕ ਪੇਸ਼ਕਸ਼ ਆਈ। ਭਲਾ ਖ਼ੁਦਾ ਦੇ ਢੰਗ ਨਿਰਾਲੇ ਨਹੀਂ ਹਨ (ਕਹਾਉਤਾਂ 16:7)?

ਦਾਊਦ ਨੇ ਚੌਕਸੀ ਭਰੀ ਗਰਮਜੋਸ਼ੀ ਨਾਲ ਅਬਨੇਰ ਦੀ ਪੇਸ਼ਕਸ਼ ਮੰਨ ਲਈ।[21] ਅਬਨੇਰ ਦਾਊਦ ਦੀ ਰਾਜਧਾਨੀ ਹੈਬਰੋਨ ਵਿਚ ਆਇਆ। ਸਾਲਾਂ ਦੀ ਦੁਸ਼ਮਣੀ ਦੇ ਬਾਅਦ ਆਹਮੋ ਸਾਹਮਣੇ ਹੋਣ ਤੇ ਅਬਨੇਰ ਅਤੇ ਦਾਊਦ ਦੇ ਚਿਹਰਿਆਂ ਉੱਤੇ ਤਣਾਅ ਸਾਫ਼ ਪੜ੍ਹਿਆ ਜਾ ਸਕਦਾ ਹੋਵੇਗਾ। ਸ਼ਾਂਤੀ ਦਾ ਇੱਛੁਕ ਦਾਊਦ ਆਦਮੀਆਂ ਨੂੰ ਖਾਣੇ ਵਾਲੇ ਕਮਰੇ ਵਿਚ ਲੈ ਗਿਆ,[22] ਜਿੱਥੇ ਉਹ ਸ਼ਾਨਦਾਰ ਦਾਅਵਤ ਤਿਆਰ ਕੀਤੀ ਗਈ ਸੀ। ਬੁੱਧਵਾਨ ਆਗੂ ਜਾਣਦੇ ਹਨ ਕਿ ਸੌਦੇਬਾਜ਼ੀ ਦੀ ਮੇਜ਼ ਦੀ ਥਾਂ ਖਾਣੇ ਦੀ ਮੇਜ਼ ਤੇ ਜ਼ਿਆਦਾ ਗਿਲੇ ਸ਼ਿਕਵੇ ਮਿਟਾਏ ਜਾ ਸਕਦੇ ਹਨ।

ਸ਼ਾਂਤੀ ਸਭਾ ਕਾਮਯਾਬ ਸੀ। ਅੰਤ ਵਿਚ, ਅਬਨੇਰ ਨੇ ਕਿਹਾ, ''ਮੈਂ ਉੱਠ ਕੇ ਜਾਵਾਂਗਾ ਅਤੇ ਸਾਰੇ ਇਸਰਾਏਲ ਨੂੰ ਆਪਣੇ ਮਹਾਰਾਜ ਬਾਦਸ਼ਾਹ ਦੇ ਕੋਲ ਇਕੱਠਿਆਂ ਕਰਾਂਗਾ ਜੋ ਓਹ ਤੁਹਾਡੇ ਨਾਲ ਨੇਮ ਕਰਨ ਅਤੇ ਜਿੱਥੇ ਤੁਹਾਡਾ ਜੀ ਕਰੇ ਉੱਥੇ ਹੀ ਤੁਸੀਂ ਰਾਜ ਕਰੋ'' (3:21)। ਛੇਤੀ ਹੀ ਅਬਨੇਰ ਉੱਤਰੀ ਕਬੀਲਿਆਂ ਨੂੰ ਸਮਝਾਉਣ ਚਲਿਆ ਗਿਆ। ''ਸੋ ਦਾਊਦ ਨੇ ਅਬਨੇਰ ਨੂੰ ਵਿਦਾ ਕੀਤਾ ਅਤੇ ਉਹ ਸੁੱਖ ਸਾਂਦ ਨਾਲ ਚੱਲਿਆ ਗਿਆ'' (3:21; NEB)। ਕਈ ਸਾਲਾਂ ਦੇ ਗ੍ਰਹਿ ਯੁੱਧ ਦੇ ਬਾਅਦ ਏਕਤਾ ਦੀ ਉਮੀਦ ਬੱਝੀ ਸੀ।

ਜਦ ਸਾਡੇ ਆਪਣੇ ਦੇਸ਼ ਵਿਚ ਭਿਆਨਕ ਗ੍ਰਹਿ ਯੁੱਧ ਚੱਲ ਰਿਹਾ ਸੀ ਤਾਂ ਰਾਸ਼ਟਰਪਤੀ ਅਬਰਾਹਾਮ ਲਿੰਕਨ ਨੇ ਯਿਸੂ ਦੀ ਇਕ ਗੱਲ ਕਹੀ ਸੀ ਜਿਸ ਵਿਚ ਦੇਸ਼ ਨੂੰ ਇਕ ਹੋਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਸੀ: ''ਜੇ ਕਿਸੇ ਰਾਜ ਵਿਚ ਫੁੱਟ ਪੈ ਜਾਵੇ ਤਾਂ ਉਹ ਰਾਜ ਠਹਿਰ ਨਹੀਂ ਸੱਕਦਾ। ਅਰ ਜੇ ਕਿਸੇ ਘਰ ਵਿਚ ਫੁੱਟ ਪੈ ਜਾਵੇ ਤਾਂ ਉਹ ਘਰ ਠਹਿਰ ਨਾ ਸੱਕੇਗਾ'' (ਮਰਕੁਸ 3:24, 25)। ਦਾਊਦ ਵਾਂਗ, ਲਿੰਕਨ ਜਾਣਦਾ ਸੀ ਕਿ ਜਿਸ ਦੇਸ਼ ਵਿਚ ਫੁੱਟ ਪੈ ਜਾਵੇ ਉਸ ਦੇਸ਼ ਵਿਚ ਬਰਬਾਦੀ ਦਾ ਬੀ ਆ ਗਿਆ ਹੈ। ਇਹ ਨਿਯਮ ਜਿਹੜਾ ਕੌਮ ਜਾਂ ਦੇਸ਼ ਲਈ ਹੈ, ਸਮਾਜ ਲਈ ਵੀ ਹੈ ... ਅਤੇ ਜਿਵੇਂ ਸਮਾਜ ਲਈ ਹੈ ਉਵੇਂ ਹੀ ਮੰਡਲੀਆਂ ਲਈ ਵੀ ... ਅਤੇ ਜਿਵੇਂ ਮੰਡਲੀਆਂ ਲਈ ਹੈ ਉਵੇਂ ਹੀ ਪਰਿਵਾਰਾਂ ਲਈ ਵੀ। ਖ਼ੁਦਾ ਦੇ ਆਗੂ ਭਾਵੇਂ ਸਿਆਸੀ ਲੀਡਰ ਹੋਣ, ਮੰਡਲੀਆਂ ਦੇ ਆਗੂ ਜਾਂ ਪਰਿਵਾਰ ਦੀ ਅਗਵਾਈ ਕਰਨ ਵਾਲੇ ਆਗੂ, ਉਨ੍ਹਾਂ ਦਾ ਏਕਤਾ ਨੂੰ ਪਹਿਲ ਦੇਣਾ ਜ਼ਰੂਰੀ ਹੈ।

## ਬੁੱਧਵਾਨ ਆਗੂ ਮੁਸੀਬਤਾਂ ਨਾਲ ਨਜਿੱਠ ਸਕਦੇ ਹਨ (2 ਸਮੂਏਲ 3:22-37)

ਜੇ ਉਹ ਪੂਰੀ ਕਹਾਣੀ ਹੁੰਦੀ, ਤਾਂ ਮੈਂ ਕਹਿੰਦਾ ਕਿ ਉੱਤਰੀ ਕਬੀਲਿਆਂ ਵਿਚ ਕੁਝ ਹਫ਼ਤੇ ਘੁੰਮਣ ਦੇ ਬਾਅਦ ਅਬਨੇਰ ਉਨ੍ਹਾਂ ਨੂੰ ਪੂਰੇ ਇਸਰਾਏਲ ਉੱਤੇ ਦਾਊਦ ਨੂੰ ਬਾਦਸ਼ਾਹ ਬਣਾਉਣ ਲਈ ਹੈਬਰੋਨ ਵਿਚ ਲੈ ਆਇਆ। ਪਰ ਜ਼ਿੰਦਗੀ ਕੋਈ ਪਰੀ ਕਹਾਣੀ ਨਹੀਂ ਹੈ, ਅਤੇ ਏਕਤਾ ਦਾ ਰਾਹ ਕਿਸੇ ਪੁਰਾਣੇ ਦੁਸ਼ਮਣ ਨੂੰ ਖਾਣੇ ਤੇ ਸੱਦਾ ਦੇਣ ਜਿੰਨਾ ਸੌਖਾ ਨਹੀਂ ਹੈ। ਕਈ ਵਾਰੀ ਗਲਤ ਮੋੜ ਅਤੇ ਗਤੀਰੋਧਕ ਆ ਜਾਂਦੇ ਹਨ ਅਤੇ ਕਦਮ ਮੋੜ ਕੇ ਦੂਜੇ ਰਾਹ ਚੱਲਣਾ ਪੈਂਦਾ ਹੈ। ਆਗੂਆਂ ਤੋਂ ਅਪ੍ਰਤੱਖ ਗੱਲਾਂ ਦੀ ਉਮੀਦ ਰੱਖਣੀ ਚਾਹੀਦੀ ਹੈ; ਉਨ੍ਹਾਂ ਨੂੰ ਫ਼ੌਰਨ ਫ਼ੈਸਲਾ ਲੈਣ ਲਈ ਤਿਆਰ ਰਹਿਣਾ ਚਾਹੀਦਾ ਹੈ।

2 ਸਮੂਏਲ 3 ਦੀਆਂ ਅਗਲੀਆਂ ਕੁਝ ਆਇਤਾਂ ਦੱਸਦੀਆਂ ਹਨ ਕਿ ਅਬਨੇਰ ਦੇ ਦਾਊਦ ਕੋਲ

ਜਾਣ ਸਮੇਂ ਯੋਆਬ ਹੈਬਰੋਨ ਵਿਚ ਨਹੀਂ ਸੀ; ਯੋਆਬ ਉੱਤੇ ਉਹਦੇ ਆਦਮੀ ਕਿਸੇ ਹਮਲੇ ਵਾਸਤੇ ਬਾਹਰ ਗਏ ਸਨ। (ਇਹ ਜਾਣਦੇ ਹੋਏ ਕਿ ਯੋਆਬ ਦੀ ਮੌਜੂਦਗੀ ਵਿਚ ਸ਼ਾਂਤੀ ਪ੍ਰਤੀਕਿਰਿਆ ਵਿਚ ਰੁਕਾਵਟ ਆ ਸਕਦੀ ਹੈ, ਦਾਊਦ ਵੱਲੋਂ ਮੋਆਬ ਨੂੰ ਜਾਣ ਬੁੱਝ ਕੇ ਭੇਜਣ ਦੀ ਗੱਲ ਉੱਤੇ ਹੈਰਾਨਗੀ ਹੁੰਦੀ ਹੈ।) ਜ਼ਾਹਰ ਹੈ ਯੋਆਬ ਅਬਨੇਰ ਦੇ ਜਾਣ ਦੇ ਕੁਝ ਦੇਰ ਬਾਅਦ ਹੀ ਆ ਗਿਆ। ਜਦੋਂ ਉਸ ਨੇ ਸੁਣਿਆ ਕਿ ਦਾਊਦ ਨੇ ਅਬਨੇਰ ਦੇ ਰਾਹ ਵਿਚ ''ਫੁੱਲ ਵਿਛਾਏ ਹੋਏ'' ਹਨ, ਅਤੇ ਉਸ ਨੂੰ ਸ਼ਾਂਤੀ ਨਾਲ ਵਿਦਾ ਕੀਤਾ ਹੈ, ਯੋਆਬ ਆਪਣੇ ਆਪ ਤੇ ਕਾਬੂ ਨਾ ਰੱਖ ਸਕਿਆ। ਉਸ ਨੇ ਤਖ਼ਤ ਵਾਲੇ ਕਮਰੇ ਵਿਚ ਦੌੜ ਕੇ ਰਾਜੇ ਨੂੰ ਦੱਸਿਆ ਕਿ ਅਬਨੇਰ ਦੀ ਮੰਸ਼ਾ ਸਹੀ ਨਹੀਂ ਹੈ, ਉਹ ਜਾਸੂਸੀ ਕਰਨ ਆਇਆ ਹੈ। ਯੋਆਬ ਦੇ ਕਹਿਣ ਤੋਂ ਭਾਵ ਸੀ ਕਿ ਦਾਊਦ ਨੂੰ ਉਸ ਮੌਕੇ ਦੀ ਵਰਤੋਂ ਅਬਨੇਰ ਨੂੰ ਫੜ੍ਹਨ ਲਈ ਕਰਨੀ ਚਾਹੀਦੀ ਸੀ।

ਯੋਆਬ ਦਾਊਦ ਦੀ ਪੱਸਲੀ ਵਿਚ ਕੰਡਾ ਸੀ (2 ਸਮੂਏਲ 18:5, 14; 1 ਰਾਜਿਆਂ 2:5, 6)। ਇਹ ਮਹਾਨ ਯੋਧਾ, ਨਿਧੜਕ ਆਗੂ ਸੀ ਜਿਸ ਨੇ ਲੋਕਾਂ ਨੂੰ ਪ੍ਰੇਰਿਆ ਸੀ, ਅਤੇ ਜਿਹੜਾ ਆਪਣੇ ਰਾਜੇ ਵਾਸਤੇ ਮਰਨ ਨੂੰ ਤਿਆਰ ਸੀ। ਦੂਜੇ ਪਾਸੇ ਉਹ ਸੁਆਰਥੀ, ਬਦਲਾ ਲੈਣ ਦੀ ਇੱਛਾ ਰੱਖਣ ਵਾਲਾ ਅਤੇ ਆਮ ਕਰਕੇ ਹੁਕਮ ਨਾ ਮੰਨਣ ਵਾਲਾ ਸੀ, ਜਿਸ ਵਿਚ ਕੁਝ ਰੂਹਾਨੀ ਖੂਬੀਆਂ ਸਨ।[23] ਸਭ ਆਗੂਆਂ ਕੋਲ ਯੋਆਬ ਭਾਵ ਅਜਿਹੇ ਲੋਕ ਹੁੰਦੇ ਹਨ ਜਿਨ੍ਹਾਂ ਦੇ ਬਗ਼ੈਰ ਅਤੇ ਜਿਨ੍ਹਾਂ ਨਾਲ ਉਹ ਨਹੀਂ ਰਹਿ ਸਕਦੇ। ਲੀਡਰ ਦੇ ਰੂਪ ਵਿਚ ਤੁਹਾਡੀ ਕਾਮਯਾਬੀ ਪੱਕੇ ਤੌਰ ਤੇ ਇਸੇ ਗੱਲ ਤੇ ਅਧਾਰਿਤ ਹੁੰਦੀ ਹੈ ਕਿ ਤੁਸੀਂ ਯੋਆਬ ਵਰਗੇ ਲੋਕਾਂ ਨਾਲ ਕਿਵੇਂ ਨਜਿੱਠਦੇ ਹੋ।

ਉੱਥੇ ਪਹੁੰਚਣ ਲਈ, ਜਿੱਥੇ ਏਕਤਾ ਨੂੰ ਵੇਖਿਆ ਜਾ ਸਕਦਾ ਸੀ, ਸੱਤ ਤੋਂ ਵੱਧ ਸਾਲ ਲੱਗ ਗਏ ਸਨ। ਯੋਆਬ ਨੇ ਉਸ ਤਰੱਕੀ ਨੂੰ ਇਕ ਘੰਟੇ ਤੋਂ ਵੀ ਘੱਟ ਸਮੇਂ ਵਿਚ ਨਾਸ ਕਰ ਦਿੱਤਾ ਸੀ। ਦਾਊਦ ਕੋਲ ਜਾ ਕੇ ਯੋਆਬ ਨੇ ਅਬਨੇਰ ਦੇ ਪਿੱਛੇ, ਜਿਹੜਾ ਮੁਸ਼ਕਿਲ ਨਾਲ ਇਕ ਹੀ ਮੀਲ ਗਿਆ ਹੋਵੇਗਾ, ਇਹ ਕਹਿਣ ਲਈ ਆਦਮੀ ਭੇਜੇ ਹੋਣਗੇ ਕਿ ਦਾਊਦ ਉਸ ਨੂੰ ਮੁੜ ਮਿਲਣਾ ਚਾਹੁੰਦਾ ਹੈ। ਬਿਨਾਂ ਕਿਸੇ ਸ਼ੱਕ ਦੇ, ਅਬਨੇਰ ਝੱਟ ਵਾਪਸ ਆ ਗਿਆ। ਯੋਆਬ ਉਸ ਨਾਲ ''ਇਕਾਂਤ ਵਿਚ ਗੱਲ ਕਰਨ ਲਈ'' (3:27) ਉਸ ਨੂੰ ਇਕ ਪਾਸੇ ਲੈ ਗਿਆ। ਜਦ ਅਜੇ ਅਬਨੇਰ ਦਾਊਦ ਦੇ ਸੁਨੇਹੇ ਦੀ ਉਡੀਕ ਕਰ ਰਿਹਾ ਸੀ, ਤਾਂ ਯੋਆਬ ਨੇ ਉਸ ਦੇ ਪੇਟ ਵਿਚ ਆਪਣਾ ਹਥਿਆਰ ਘੁਸੇੜ ਦਿੱਤਾ, ਇੰਜ ਯੋਆਬ ਦੇ ਭਰਾ ਵਾਂਗ ਹੀ ਅਬਨੇਰ ਮਰ ਗਿਆ।[24]

ਪਹਿਲੇ ਇਕ ਪਾਠ ਵਿਚ ਅਸੀਂ ਸੁਝਾਅ ਦਿੱਤਾ ਸੀ ਕਿ ''ਜਦ ਮਨ ਬਦਲਾ ਲੈਣ ਲਈ ਪੁਕਾਰਦਾ ਹੈ'' ਤਾਂ ਰੁਕ ਕੇ ''ਹਿਸਾਬ ਲਗਾਉਣਾ'' ਚਾਹੀਦਾ ਹੈ। ਯੋਆਬ ਨੇ ਬਦਲਾ ਤਾਂ ਲੈ ਲਿਆ, ਪਰ ਇਸ ਦੀ ਕੀਮਤ ਹੱਦ ਤੋਂ ਵੱਧ ਸੀ। ਹਾਲਾਤ ਦਾਊਦ ਅਤੇ ਅਬਨੇਰ ਦੀ ਮੁਲਾਕਾਤ ਤੋਂ ਪਹਿਲਾਂ ਨਾਲੋਂ ਵੀ ਵਿਗੜ ਗਏ। ਜਦ ਦਾਊਦ ਨੇ ਸੁਣਿਆ ਕਿ ਕੀ ਹੋਇਆ ਹੈ ਤਾਂ ਉਸ ਨੂੰ ਪਤਾ ਸੀ ਕਿ ਇਹ ਅਫ਼ਵਾਹ ਫੈਲਦੇ ਚਿਰ ਨਹੀਂ ਲੱਗਣਾ ਸੀ ਕਿ ਅਬਨੇਰ ਨੂੰ ਮਾਰਨ ਲਈ ਧੋਖੇ ਨਾਲ ਹੈਬਰੋਨ ਵਿਚ ਬੁਲਾਇਆ ਗਿਆ ਸੀ। ਲੋਕਾਂ ਕਹਿਣਾ ਸੀ ਕਿ ਦਾਊਦ ਉੱਤੇ ਭਰੋਸਾ ਨਾ ਕੀਤਾ ਜਾਵੇ। ਇੰਜ ਜਾਪਿਆ ਜਿਵੇਂ ਬਦਲਾ ਲੈਣ ਦੀ[25] ਯੋਆਬ ਦੀ ਦੁਸ਼ਟ ਪਿਆਸ ਨਾਲ ਉੱਤਰ ਦੱਖਣ ਦੇ ਮਿਲਣ ਦੀ ਹਰ ਸੰਭਾਵਨਾ ਮੁੜ ਤੋਂ ਖ਼ਤਮ ਹੋ ਗਈ।

ਅਸਲੀ ਲੀਡਰਸ਼ਿਪ ਦਾ ਪਤਾ ਅਜਿਹੇ ਸਮੇਂ ਹੀ ਲਗਦਾ ਹੈ। ਇਕ ਮੁਸ਼ਕਿਲ ਨਾਲ ਨਜਿੱਠਣ ਦੇ ਦਾਊਦ ਦੇ ਢੰਗ ਤੋਂ ਪਤਾ ਚੱਲਦਾ ਹੈ ਕਿ ਖ਼ੁਦਾ ਨੇ ਉਸ ਨੂੰ ਖ਼ੁਦਾਈ ਗੁਣਾਂ ਕਾਰਣ ਹੀ ਨਹੀਂ ਸਗੋਂ ਖ਼ਤਰਨਾਕ ਹਾਲਾਤ ਵਿਚ ਨਜਿੱਠਣ ਦੀ ਉਸ ਦੀ ਸੰਵੇਦਨਸ਼ੀਲਤਾ ਕਾਰਣ ਵੀ ਚੁਣਿਆ ਸੀ। ਧਿਆਨ ਦਿਓ ਕਿ ਇਸ ਦੁਖਾਂਤ ਨੂੰ ਪਲਟਣ ਲਈ ਦਾਊਦ ਨੇ ਕੀ ਕੀਤਾ।

ਪਹਿਲਾਂ ਤਾਂ, ਉਸਨੇ ਫ਼ੌਰਨ ਕੰਮ ਕੀਤਾ। ਮੁਸੀਬਤ ਵੇਲੇ, ਸਮਾਂ ਬੜਾ ਮਹੱਤਵਪੂਰਣ ਹੁੰਦਾ ਹੈ।

ਸਾਡੇ ਵਿੱਚੋਂ ਕਈ ਲੋਕ ਇਸ ਆਸ ਨਾਲ ਕਿ ਸਭ ਠੀਕ ਹੋ ਜਾਵੇਗਾ, ਟਾਲਦੇ ਰਹਿੰਦੇ ਹਨ, ਪਰ ਸਭ ਠੀਕ ਕਦੀ ਨਹੀਂ ਹੁੰਦਾ। ਅਜਿਹੇ ਸਮੇਂ ਵਿਚ ਅਸਲੀ ਲੀਡਰ ਮਜ਼ਬੂਤੀ ਨਾਲ ਕੰਮ ਕਰਦੇ ਹਨ।

ਦੂਜਾ, ਦਾਊਦ ਨੇ ਇਸ ਵਿਚ ਜਾਤੀ ਤੌਰ ਤੇ ਸ਼ਾਮਿਲ ਹੋਣ ਦੀ ਗੱਲ ਫ਼ੌਰਨ ਨਕਾਰ ਦਿੱਤੀ (3:28)। ਇਸ ਦਾ ਆਪਣੇ ਆਪ ਵਿਚ ਘੱਟ ਮਹੱਤਵ ਸੀ, ਪਰ ਇਹ ਜ਼ਰੂਰੀ ਸੀ।

ਤੀਜਾ, ਉਸਨੇ ਯੋਆਬ ਨੂੰ ਉਸ ਦੇ ਕੰਮ ਲਈ ਖੁੱਲ੍ਹੇਆਮ ਦੋਸ਼ੀ ਠਹਿਰਾਇਆ, ਉਸ ਨੂੰ ਫ਼ੌਜ ਦੇ ਅਹੁਦੇ ਤੋਂ ਹਟਾ ਦਿੱਤਾ,[26] ਅਤੇ ਯੋਆਬ ਅਤੇ ਘਰਾਣੇ ਨੂੰ ਸਰਾਪ ਦਿੱਤਾ। ਅਸੀਂ ਹੈਰਾਨ ਹੋ ਸਕਦੇ ਹਾਂ ਕਿ ਯੋਆਬ ਨੂੰ ਸਖ਼ਤ ਸਜ਼ਾ ਕਿਉਂ ਨਹੀਂ ਦਿੱਤੀ ਗਈ। ਯੋਆਬ ਨੂੰ ਮਾਰਨ ਦਾ ਮਤਲਬ ਦਾਊਦ ਦੇ ਆਪਣੇ ਅਧਿਕਾਰੀਆਂ ਵਿਚ ਫੁੱਟ ਪਾਉਣੀ ਸੀ।[27] ਬੇਸ਼ੱਕ ਯਹੂਦਾ ਦੇ ਬਹੁਤ ਸਾਰੇ ਲੋਕਾਂ ਨੂੰ ਲਗਦਾ ਸੀ ਕਿ ਯੋਆਬ ਨੇ ਸਹੀ ਕੀਤਾ ਹੈ। ਤਾਂ ਵੀ ਉਸ ਜ਼ਮਾਨੇ ਵਿਚ ਸਰਾਪ ਦੇਣਾ ''ਘੱਟ ਸਜ਼ਾ'' ਨਹੀਂ ਸਮਝੀ ਜਾਂਦੀ ਸੀ। ਅਖ਼ੀਰ ਵਿਚ, ਦਾਊਦ ਇਕ ਅਜਿਹਾ ਸਬਕ ਪੜ੍ਹ ਰਿਹਾ ਸੀ ਜਿਸ ਨੂੰ ਸਿੱਖਣਾ ਬੜਾ ਔਖਾ ਸੀ ਕਿ ਕੁਝ ਗੱਲਾਂ ਨੂੰ ਖ਼ੁਦਾ ਦੇ ਹੱਥੀ ਛੱਡ ਦੇਣਾ ਚਾਹੀਦਾ ਹੈ। ਉਸ ਵਿੱਚੋਂ ਸਿੱਟਾ ਨਿੱਕਲਦਾ ਹੈ, ''ਯਹੋਵਾਹ ਬੁਰਿਆਈ ਕਰਨ ਵਾਲੇ ਨੂੰ ਉਸ ਦੀ ਬੁਰਿਆਈ ਅਨੁਸਾਰ ਹੀ ਪਲਟਾ ਦੇਵੇ'' (3:39)।

ਚੌਥਾ, ਉਸ ਨੇ ਰਾਜਸੀ ਸੋਗ ਦਾ ਐਲਾਨ ਕਰ ਦਿੱਤਾ ਅਤੇ ਅਬਨੇਰ ਨੂੰ ਹੈਬਰੋਨ ਵਿਚ ਪੂਰੀ ਰਾਜਸੀ ਸ਼ਾਨ ਨਾਲ ਦਫ਼ਨਾ ਦਿੱਤਾ। ਦਾਊਦ ਨੇ ਅਰਥੀ (ਉਹ ਢਾਂਚਾ ਜਿਸ ਤੇ ਅਬਨੇਰ ਦੀ ਲੋਥ ਰੱਖੀ ਸੀ) ਦੇ ਪਿੱਛੇ ਪਿੱਛੇ ਆਪਣੇ ਅਧਿਕਾਰੀਆਂ ਦੀ ਅਗਵਾਈ ਕੀਤੀ। ਉਨ੍ਹਾਂ ਸ਼ਾਹੀ ਜਾਂ ਫੌਜੀ ਲਿਬਾਸ ਨਹੀਂ ਪਹਿਨਿਆ ਕਿਉਂਕਿ ਦਾਊਦ ਨੇ ਸਭ ਨੂੰ ਸੋਗ ਵਾਲੇ ਵਸਤਰ ਪਾ ਕੇ ਆਉਣ ਦਾ ਹੁਕਮ ਦਿੱਤਾ ਸੀ।[28] (ਯੋਆਬ ਲਈ ਵੀ ਸੋਗ ਵਾਲੇ ਕੱਪੜੇ ਪਹਿਨ ਕੇ ਅਬਨੇਰ ਨੂੰ ਸਨਮਾਨ ਦੇਣਾ ਜ਼ਰੂਰੀ ਸੀ। ਉਸ ਨੇ ਇਸ ਦਾ ਵਿਰੋਧ ਕਿਵੇਂ ਕੀਤਾ ਹੋਵੇਗਾ!) ਜਨਾਜ਼ੇ ਤੇ, ਆਪਣੇ ਸਾਫ਼, ਟਾਟ ਵਾਲੇ ਲਿਬਾਸ ਵਿਚ ਦਾਊਦ ਨੇ ਜਿਵੇਂ ਸ਼ਾਊਲ ਲਈ ਗਾਇਆ ਸੀ ਉਵੇਂ ਹੀ ਅਬਨੇਰ ਲਈ ਵੀ ਸੋਗ ਗੀਤ ਸੁਣਾਇਆ। ਇਕ ਵਾਰ ਫੇਰ, ਦਾਊਦ ਦੇ ਦਿਆਲੂ ਮਨ, ਅਤੇ ਸ਼ਾਂਤੀ ਲਈ ਉਸ ਦੀ ਇੱਛਾ ਲੋਕਾਂ ਨੂੰ ਪਤਾ ਲੱਗੀ। ਉਹ ਚਿੱਲਾਇਆ, ''ਅੱਜ ਦੇ ਦਿਨ ਇਕ ਸਰਦਾਰ ਸਗੋਂ ਇਕ ਮਹਾਂਪੁਰਸ਼ ਇਸਰਾਏਲ ਦੇ ਵਿੱਚੋਂ ਲਾਹ ਦਿੱਤਾ ਗਿਆ ਹੈ'' (3:38)।

ਪੰਜਵਾਂ, ਦਾਊਦ ਨੇ ਸੱਚਮੁੱਚ ਸੋਗ ਜ਼ਾਹਿਰ ਕੀਤਾ। ਨਾ ਸਿਰਫ਼ ਉਹ ਰੋਇਆ, ਸਗੋਂ ਉਸ ਨੇ ਜਨਾਜ਼ੇ ਦੇ ਖਾਣੇ ਵਿਚ ਹਿੱਸਾ ਲੈਣ ਤੋਂ ਵੀ ਇਨਕਾਰ ਕੀਤਾ। ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਦਾਊਦ ਨੇ ਕਿਸੇ ਨੀਤੀਵਾਨ ਵਾਂਗ ਦਿਖਾਵਟੀ ਕੰਮ ਨਹੀਂ ਕੀਤਾ। ਫ਼ਲਿਸਤੀਨ ਦੇਸ਼ ਵਿਚ ਦਾਊਦ ਨੂੰ ਸਮਝ ਆ ਗਈ ਸੀ ਅੱਜ ਨਹੀਂ ਤਾਂ ਕੱਲ੍ਹ (ਭਾਵ ਛੇਤੀ ਹੀ) ਵਿਸ਼ਵਾਸਘਾਤ ਦਾ ਬਦਲਾ ਮਿਲ ਹੀ ਜਾਂਦਾ ਹੈ। ਅਖ਼ੀਰ ਮਗਰ ਲੱਗਣ ਵਾਲੇ ਪਖੰਡੀ ਨੂੰ ਪਛਾਣ ਹੀ ਲੈਂਦੇ ਹਨ। ਦਾਊਦ ਨੇ ਲੋਕਾਂ ਨੂੰ ਪ੍ਰਭਾਵਿਤ ਕਰ ਲਿਆ ਕਿਉਂਕਿ ਉਸ ਦਾ ਸੋਗ ਦਿਲੋਂ ਸੀ: ਉਹ ਇਕ ਮਹਾਨ ਆਦਮੀ ਦੀ ਬੇਮੌਕਾ ਅਤੇ ਅਪਮਾਨਜਨਕ ਮੌਤ ਤੋਂ ਦੁਖੀ ਸੀ।

ਦਾਊਦ ਦੇ ਫੈਸਲਾਕੁੰਨ ਅਤੇ ਸਿਆਣਪ ਭਰੇ ਕੰਮ ਦਾ ਕੀ ਨਤੀਜਾ ਨਿੱਕਲਿਆ? ਦਾਊਦ ਨੇ ਆਪਣੇ ਲੋਕਾਂ ਨੂੰ ਖੁਸ਼ ਕਰ ਕੇ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਅਬਨੇਰ ਨੂੰ ਮਾਰਨ ਵਿਚ ਉਸ ਦਾ ਕੋਈ ਹੱਥ ਨਹੀਂ ਸੀ।

ਹਰ ਆਗੂ ਜਾਂ ਲੀਡਰ ਵਿਚ ਮਜ਼ਬੂਤੀ ਅਤੇ ਬੁੱਧੀ ਦਾ ਹੋਣਾ ਜ਼ਰੂਰੀ ਹੈ। ਪਰਮੇਸ਼ੁਰ ਦਾ ਆਗੂ ਜਾਣਦਾ ਹੈ ਕਿ ਉਹ ਦੋਵੇਂ ਗੱਲਾਂ ਖੁਦਾ ਦੀ ਨੇੜਤਾ ਵਿਚ ਪਾਈਆਂ ਜਾ ਸਕਦੀਆਂ ਹਨ। ਯਹੋਸ਼ੁਆ ਨੇ ਕਿਹਾ ਸੀ:

> ਤੂੰ ਨਿਰਾ ਤਕੜਾ ਹੋ ਅਤੇ ਵੱਡਾ ਹੌਸਲਾ ਰੱਖ ਤਾਂ ਜੋ ਤੂੰ ਉਸ ਸਾਰੀ ਵਿਵਸਥਾ ਅਨੁਸਾਰ ਜਿਸ ਦਾ

> ਮੇਰੇ ਦਾਸ ਮੂਸਾ ਨੇ ਤੈਨੂੰ ਹੁਕਮ ਦਿੱਤਾ ਹੈ ਪਾਲਨਾ ਕਰ ਕੇ ਪੂਰਾ ਕਰੇਂ, ਉਸ ਤੋਂ ਸੱਜੇ ਅਥਵਾ ਖੱਬੇ ਨਾ ਮੁੜੇਂ ਤਾਂ ਜੋ ਤੂੰ ਜਿੱਥੇ ਜਾਵੇਂ ਤੇਰਾ ਬੋਲ ਬਾਲਾ ਹੋਵੇ। ਏਹ ਵਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸੁਫ਼ਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ। ਤਕੜਾ ਹੋ ਅਤੇ ਹੌਸਲਾ ਰੱਖ ... ਕਿਉਂ ਜੋ ਯਹੋਵਾਹ ਤੇਰਾ ਪਰਮੇਸ਼ੁਰ ਜਿੱਥੇ ਤੂੰ ਜਾਵੇਂ ਤੇਰੇ ਸੰਗ ਹੈ (ਯਹੋਸ਼ੁਆ 1:7–9)।

ਪੁਰਾਣੇ ਨੇਮ ਦੇ ਸਭ ਤੋਂ ਅਮੀਰ ਆਦਮੀ ਨੇ ਕਿਹਾ ਸੀ ਕਿ ਬੁੱਧ ਪੜ੍ਹਨ ਨਾਲ ਅਤੇ ਖ਼ੁਦਾ ਦੀ ਇੱਛਾ ਅਨੁਸਾਰ ਜ਼ਿੰਦਗੀ ਬਿਤਾਉਣ ਨਾਲ ਆਉਂਦੀ ਹੈ (ਵੇਖੋ ਕਹਾਉਤਾਂ 1:1, 2; 2:2; ਆਦਿ)। ਯਾਕੂਬ ਨੇ ਕਿਹਾ, ''ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ '' (ਯਾਕੂਬ 1:5)।

ਆਓ ਅਸੀਂ ਬਾਈਬਲ ਅਧਿਐਨ ਅਤੇ ਦੁਆ ਦੇ ਰਾਹੀਂ ਖ਼ੁਦਾ ਨਾਲ ਸਬੰਧ ਅਤੇ ਉਸ ਦੇ ਮਕਸਦ ਵੱਲ ਆਪਣਾ ਧਿਆਨ ਲਾਈਏ। ਫਿਰ, ਮੁਸ਼ਕਿਲ ਆਉਣ ਤੇ ਅਸੀਂ ਮਜ਼ਬੂਤੀ ਨਾਲ ਕੰਮ ਕਰ ਸਕਾਂਗੇ।

## ਬੁੱਧਵਾਨ ਆਗੂ ਆਪਣੀਆਂ ਕਮਜ਼ੋਰੀਆਂ ਲੁਕਾਉਂਦੇ ਨਹੀਂ (2 ਸਮੂਏਲ 3:38, 39)

ਦਾਊਦ ਨੇ ਇਕ ਹੋਰ ਕੰਮ ਕੀਤਾ ਜਿਹੜਾ ਲੋਕਾਂ ਨੂੰ ਪਸੰਦ ਆਇਆ; ਉਸ ਨੇ ਆਪਣੀਆਂ ਕਮੀਆਂ ਨੂੰ ਮੰਨਿਆ। 3:38, 39 ਵੱਲ ਧਿਆਨ ਦਿਓ, ''ਅਤੇ ਬਾਦਸ਼ਾਹ ਨੇ ਆਪਣੇ ਟਹਿਲੂਆਂ ਨੂੰ ਆਖਿਆ, '... ਅੱਜ ਦੇ ਦਿਨ ਮੈਂ ਹੀਣਾ ਹਾਂ ਭਾਵੇਂ ਮੈਂ ਮਸਹ ਕੀਤਾ ਹੋਇਆ ਪਾਤਸ਼ਾਹ ਹੀ ਹਾਂ ਅਤੇ ਏਹ ਲੋਕ ਸਰੂਯਾਹ ਦੇ ਪੁੱਤਰ *[ਭਾਵ ਯੋਆਬ ਅਤੇ ਉਸਦੇ ਭਰਾ]* ਮੇਰੇ ਨਾਲ ਜ਼ੋਰਾਵਰੀ ਕਰਦੇ ਹਨ।' '' ਭਾਂਵੇਂ ਦਾਊਦ ਨੇ ਅਬਨੇਰ ਦੀ ਮੌਤ ਵਿਚ ਆਪਣਾ ਸਿੱਧਾ ਹੱਥ ਹੋਣ ਤੋਂ ਇਨਕਾਰ ਕੀਤਾ ਪਰ ਉਸ ਨੂੰ ਪਤਾ ਸੀ ਕਿ ਆਪਣੇ ਮਾਤਹਿਤ ਦੇ ਕਾਰੇ ਦੀ ਜ਼ਿੰਮੇਵਾਰੀ ਓਸੇ ਦੀ ਹੈ। ਦਾਊਦ ਕਹਿ ਰਿਹਾ ਸੀ, ''ਜੇ ਮੈਂ ਮਜ਼ਬੂਤ ਲੀਡਰ ਹੁੰਦਾ, ਜਿਹਾ ਕਿ ਮੈਨੂੰ ਹੋਣਾ ਚਾਹੀਦਾ ਸੀ, ਤਾਂ ਯੋਆਬ ਅਤੇ ਉਸਦੇ ਸਹਿਯੋਗੀ ਇਹ ਹਿੰਮਤ ਨਾ ਕਰਦੇ ਜਿਹੜੀ ਉਨ੍ਹਾਂ ਹੁਣ ਕੀਤੀ ਹੈ।''

ਗ਼ਲਤੀ ਹੋ ਜਾਣ ਤੇ ਬਲੀ ਦਾ ਬੱਕਰਾ ਲੱਭਣ ਲਈ ਦੂਜਿਆਂ ਉੱਤੇ ਦੋਸ਼ ਨਾ ਲਾਉਣ ਵਾਲੇ ਸਗੋਂ ਇਲਜ਼ਾਮ ਆਪਣੇ ਸਿਰ ਲੈਣ ਵਾਲੇ (ਅਤੇ ਕਈ ਵਾਰ ਉਸ ਤੋਂ ਵੀ ਵੱਧ) ਆਗੂਆਂ ਦੀ ਮੈਂ ਤਾਰੀਫ਼ ਕਰਦਾ ਹਾਂ। ਭਾਵੇਂ ਉਹ ਜਿੱਤ ਸਕਣ ਵਾਲੀ ਹਾਰੀ ਟੀਮ ਦਾ ਕੋਚ ਹੋਵੇ, ਜਾਂ ਮੁਸ਼ਕਿਲਾਂ ਨਾਲ ਭਰੀ ਮੰਡਲੀ ਦੇ ਐਲਡਰ ਹੋਣ। ਆਮ ਤੌਰ ਤੇ ਲੋਕ ਆਪਣੀ ਗਲਤੀ ਦੀ ਜ਼ਿੰਮੇਵਾਰੀ ਨਾ ਮੰਨਣ ਵਾਲੇ ਆਦਮੀ ਦੀ ਥਾਂ ਆਪਣੀਆਂ ਗਲਤੀਆਂ ਨੂੰ ਮੰਨਣ ਵਾਲੇ ਨੂੰ ਦੂਜਾ ਮੌਕਾ ਦੇਣਾ ਵਧੇਰੇ ਪਸੰਦ ਕਰਦੇ ਹਨ।

ਆਪਣੀਆਂ ਕਮੀਆਂ ਨੂੰ ਮੰਨ ਲੈਣ ਤੇ ਦਾਊਦ ਪ੍ਰਤੀ ਉਸ ਦੇ ਮਗਰ ਚੱਲਣ ਵਾਲਿਆਂ ਦਾ ਸਨਮਾਨ ਘੱਟ ਨਹੀਂ ਹੋਇਆ; ਸਗੋਂ ਉਨ੍ਹਾਂ ਦੀ ਨਜ਼ਰ ਵਿਚ ਉਸ ਦਾ ਸਨਮਾਨ ਹੋਰ ਵੀ ਵਧਿਆ। ਦਾਊਦ ਵਿਚ ਉਹੀ ਰੂਹ ਸੀ ਜਿਸ ਬਾਰੇ ਪੌਲੁਸ ਨੇ 2 ਕੁਰਿੰਥੀਆਂ 12:9, 10 ਵਿਚ ਲਿਖਿਆ ਹੈ:

> *[ਪਰਮੇਸ਼ੁਰ]* ਨੇ ਮੈਨੂੰ ਆਖਿਆ ਭਈ ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਨਿਰਬਲਤਾਈ ਵਿਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ *[ਪ੍ਰਭੂ]* ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ। ਇਸ ਕਾਰਣ ਮੈਂ ... ਨਿਰਬਲਤਾਈਆਂ ਉੱਤੇ, ... ਪਰਸੰਨ ਹਾਂ ਕਿਉਂਕਿ ਜਦੋਂ ਮੈਂ ਨਿਰਬਲ ਹੁੰਦਾ ਹਾਂ ਤਦੋਂ ਹੀ ਸਮਰਥੀ ਹੁੰਦਾ ਹਾਂ।

ਉਹ ਲੀਡਰ ਅਸੁਰੱਖਿਅਤ ਹੈ ਜਿਹੜਾ ਆਪਣੀਆਂ ਕਮੀਆਂ ਨੂੰ ਮੰਨ ਨਹੀਂ ਸਕਦਾ। ਅਸਲੀ ਆਗੂ ਐਨੇ ਮਜ਼ਬੂਤ ਹੁੰਦੇ ਹਨ ਕਿ ਉਹ ਆਪਣੀਆਂ ਕਮਜ਼ੋਰੀਆਂ ਨੂੰ ਮੰਨ ਸਕਦੇ ਹਨ, ਐਨੇ ਆਤਮ ਵਿਸ਼ਵਾਸੀ ਹੁੰਦੇ ਹਨ ਕਿ ਉਹ ਆਪਣੀਆਂ ਕਮੀਆਂ ਨੂੰ ਮੰਨ ਸਕਦੇ ਹਨ, ਐਨੇ ਵੱਡੇ ਹੁੰਦੇ ਹਨ ਕਿ ਆਪਣੇ ਨੁਕਸ ਮੰਨ ਸਕਦੇ ਹਨ।

## ਬੁੱਧਵਾਨ ਆਗੂ ਔਕੜਾਂ ਦੇ ਬਾਵਜੂਦ ਆਤਮਵਿਸ਼ਵਾਸ ਨਾਲ ਭਰੇ ਹੁੰਦੇ ਹਨ (2 ਸਮੂਏਲ 4:1-5:5; 1 ਇਤਿਹਾਸ 11:1-3; 12:23-40)

ਅਬਨੇਰ ਦੀ ਮੌਤ ਦੀ ਤ੍ਰਾਸਦੀ ਦੇ ਝੱਟ ਬਾਅਦ ਦਾਊਦ ਉੱਤੇ ਮੁਸੀਬਤ ਦਾ ਵੱਡਾ ਬੱਦਲ ਛਾ ਗਿਆ। ਈਸ਼ਬੋਸ਼ਥ ਦੀ ਫ਼ੌਜ ਦੇ ਕਮਾਂਡਰ ਦੋ ਭਰਾਵਾਂ ਨੇ ਅਬਨੇਰ ਦੀ ਮੌਤ ਦੀ ਗੱਲ ਸੁਣ ਕੇ ਦਾਊਦ ਦੀ ਹਮਾਇਤ ਪਾਉਣ ਦੀ ਯੋਜਨਾ ਬਣਾਉਣ ਦਾ ਫ਼ੈਸਲਾ ਕੀਤਾ।[29] ਉਹ ਦੁਪਹਿਰ ਦੇ ਅਰਾਮ ਦੇ ਵਕਤ ਈਸ਼ਬੋਸ਼ਥ ਦੇ ਘਰ ਆਏ ਜਦ ਕੁਝ ਲੋਕ ਭੜਕੇ ਹੋਏ ਸਨ।[30] ਬੇਖ਼ੌਫ਼ ਰਾਜੇ ਦੇ ਸੌਣ ਦੇ ਕਮਰੇ ਵਿਚ ਜਾ ਕੇ ਉਨ੍ਹਾਂ ਉਸ ਨੂੰ ਮਾਰ ਸੁੱਟਿਆ। ਉਸ ਦਾ ਸਿਰ ਵੱਢ ਕੇ ਰਾਤੋ ਰਾਤ ਦਾਊਦ ਕੋਲ ਲੈ ਆਏ।

ਜਦ ਉਨ੍ਹਾਂ ਈਸ਼ਬੋਸ਼ਥ ਦਾ ਸਿਰ ਹੱਥ ਵਿਚ ਲਈ ਦਾਊਦ ਦੀ ਦਹਿਲੀਜ਼ ਤੇ ਪੈਰ ਪਾਇਆ ਤਾਂ ਉਨ੍ਹਾਂ ਨੂੰ ਪਤਾ ਚੱਲਿਆ ਕਿ ਪੂਰੇ ਇਸਰਾਏਲ ਉੱਤੇ ਰਾਜਾ ਬਣਨ ਵਾਲੇ ਆਦਮੀ ਨੂੰ ਉਨ੍ਹਾਂ ਗਲਤ ਸਮਝਿਆ ਸੀ। ਇਸ ਵਾਰ ਫੇਰ ਫੌਰਨ ਕਾਰਵਾਈ ਦੀ ਲੋੜ ਸੀ, ਨਹੀਂ ਤਾਂ ਛੇਤੀ ਹੀ ਇਹ ਗੱਲ ਫੈਲ ਜਾਂਦੀ ਕਿ ਰਾਜ ਪਲਟੇ ਵਿਚ ਦਾਊਦ ਦੀ ਕੋਈ ਚਾਲ ਸੀ। ਦਾਊਦ ਨੇ ਉਨ੍ਹਾਂ ਭਰਾਵਾਂ ਨੂੰ ਉਸ ਅਮਾਲੇਕੀ ਦੀ ਇਕ ਸਜ਼ਾ ਦੀ ਗੱਲ ਯਾਦ ਕਰਵਾਈ; ਜਿਸ ਨੇ ਸ਼ਾਊਲ ਨੂੰ ਮਾਰਨ ਦਾ ਦਾਅਵਾ ਕੀਤਾ ਸੀ। ਉਸ ਨੇ ਕਿਹਾ, ''ਫੇਰ ਕਿੰਨਾ ਕੁ ਵੱਧ ਦਿੱਤਾ ਲੋੜੀਦਾ ਹੈ ਜਾਂ ਦੁਸ਼ਟਾਂ ਨੇ ਇਕ ਧਰਮੀ ਮਨੁੱਖ ਨੂੰ ਉਹ ਦੇ ਘਰ ਦੇ ਵਿਚ ਉਹ ਦੇ ਮੰਜੇ ਉੱਤੇ ਉਹ ਨੂੰ ਵੱਢ ਸੁੱਟਿਆ![31] ਤਾਂ ਭਲਾ, ਮੈਂ ਉਹ ਦੇ ਖ਼ੂਨ ਦਾ ਬਦਲਾ ਤੁਹਾਡੇ ਹੱਥੋਂ ਨਾ ਲਵਾਂਗਾ ਅਤੇ ਤੁਹਾਨੂੰ ਧਰਤੀ ਉੱਤੋਂ ਨਾਸ ਨਾ ਕਰਾਂਗਾ?'' (2 ਸਮੂਏਲ 4: 11)।

ਉਸ ਨੇ ਦੋਹਾਂ ਨੂੰ ਮਾਰ ਕੇ, ਉਨ੍ਹਾਂ ਦੇ ਹੱਥ ਪੈਰ ਵੱਢ ਸੁੱਟੇ, ਅਤੇ ਉਨ੍ਹਾਂ ਦੀਆਂ ਲੋਥਾਂ ਖੁੱਲ੍ਹੀ ਥਾਂ ਉੱਤੇ ਟੰਗ ਛੱਡੀਆਂ। ਦਾਊਦ ਇਸ ਤੋਂ ਦੋਹਰਾ ਸੁਨੇਹਾ ਦੇ ਰਿਹਾ ਹੈ (1) ਕਹਾਉਤਾਂ 6: 16−19: ਦਾ ਆਮ ਸੰਦੇਸ਼: ਯਹੋਵਾਹ ''ਬੇਦੋਸ਼ੇ ਦਾ ਖੂਨ ਵਹਾਉਣ ਵਾਲੇ ਹੱਥ'' ਅਤੇ ''ਬੁਰਾਈ ਕਰਨ ਨੂੰ ਫੁਰਤੀ ਨਾਲ ਭੱਜਣ ਵਾਲੇ ਪੈਰਾਂ ਤੋਂ'' ਨਫ਼ਰਤ ਕਰਦਾ ਹੈ; ਅਤੇ (2) ਖ਼ਾਸ ਸੰਦੇਸ਼ ਕਿ ਖ਼ੁਦਾ ਦੇ ਮਸਹ ਕੀਤੇ ਹੋਏ ਦੇ ਰੂਪ ਵਿਚ ਉਹ ਝੂਠ ਅਤੇ ਫ਼ਰੇਬ ਨੂੰ ਵਧਾਵੇਗਾ ਨਹੀਂ, ਅਤੇ ਉਲੰਘਣਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਮਿਲੇਗੀ।

ਦਾਊਦ ਨੇ ਈਸ਼ਬੋਸ਼ਥ ਦਾ ਸਿਰ ਅਬਨੇਰ ਦੀ ਕਬਰ ਵਿਚ ਦਫ਼ਨਾ ਦਿੱਤਾ। ਇਹ ਸ਼ਾਊਲ ਦੇ ਰਾਜ ਘਰਾਣੇ ਨੂੰ ਆਖਰੀ ਸਲਾਮ ਸੀ।

ਬੇਸਬਾਲ ਦੇ ਮਸ਼ਹੂਰ ਖੇਡ ਪ੍ਰੇਮੀ ਯੋਗੀ ਬੇਰਾ ਬਾਰੇ ਕਿਹਾ ਜਾਂਦਾ ਹੈ, ''ਜਦ ਤਕ ਖ਼ਤਮ ਨਹੀਂ ਹੁੰਦਾ ਤਦ ਤਕ ਪੂਰਾ ਨਹੀਂ ਹੁੰਦਾ'' ਅਤੇ ਹਰ ਲੀਡਰ ਜਾਣਦਾ ਹੈ ਕਿ ਇਹ ਸੱਚ ਹੈ। ਮੁਸੀਬਤ ਨੂੰ ਪਿਛਲੇ ਬੂਹੇ ਥਾਣੀ ਬਾਹਰ ਕਰ ਕੇ ਆਪਣੇ ਆਪ ਨੂੰ ਮੁਬਾਰਕਬਾਦ ਦੇਣ ਲਈ ਰੁਕਦੇ ਹੀ, ਇਕ ਹੋਰ ਮੁਸੀਬਤ ਤੁਹਾਡੇ ਸਾਹਮਣੇ ਵਾਲੇ ਦਰਵਾਜ਼ੇ ਆ ਖਲੋਵੇਗੀ। ''ਮਰਫ਼ੀ ਦਾ ਨਿਯਮ'' ਕਹਿੰਦਾ ਹੈ ਕਿ ''ਜੋ ਗਲਤ ਹੋਣਾ ਹੈ ਉਹ ਗਲਤ ਹੀ ਹੋਵੇਗਾ'' ਲੀਡਰ ਲਈ ਮਾਫ਼ੀ ਦਾ ਇਕ ਖ਼ਾਸ ਨਿਯਮ ਹੈ: ''ਜੋ ਗਲਤ ਹੋਣਾ ਹੈ ਉਹ ਗਲਤ ਹੀ ਹੋਵੇਗਾ− ਆਪਣੇ ਤੋਂ ਹਜ਼ਾਰ ਗੁਣਾ।''

ਪਰ ਅਸਲੀ ਆਗੂ ਸਕਾਰਾਤਮਕ ਹੀ ਰਹਿੰਦਾ ਹੈ। ਉਨ੍ਹਾਂ ਨੂੰ ਅਖ਼ੀਰ ਵਿਚ ਕਾਮਯਾਬੀ ਦਾ ਯਕੀਨ ਹੁੰਦਾ ਹੈ। ਖ਼ਾਸ ਕਰਕੇ ਇਹ ਗੱਲ ਖ਼ੁਦਾ ਦੇ ਆਗੂਆਂ ਲਈ ਸੱਚ ਹੈ, ਜੋ ਜਾਣਦੇ ਹਨ ਕਿ ਖ਼ੁਦਾ ਉਨ੍ਹਾਂ ਵੱਲ ਹੈ (ਰੋਮੀਆਂ 8: 31)।

ਸਮੂਏਲ ਵੱਲੋਂ ਦਾਊਦ ਨੂੰ ਮਸਹ ਕੀਤੇ ਜਾਣ ਤੋਂ ਲੈ ਕੇ ਹੁਣ ਤਕ ਤੀਹ ਸਾਲਾਂ ਵਿਚ ਇਕ ਤੋਂ ਇਕ ਵੱਡੀ ਚੁਣੌਤੀ ਆਈ ਸੀ! ਪਰ ਦਾਊਦ ਡਰ ਕੇ ਨਹੀਂ ਭੱਜਿਆ ਸੀ। ਇਹੋ ਜਿਹੀ ਵਫ਼ਾਦਾਰੀ ਲਈ ਖ਼ੁਦਾ ਇਨਾਮ ਦਿੰਦਾ ਹੈ। ਇਸ ਕਾਰਨ ਅਧਿਆਇ 5 ਦੇ ਪਹਿਲੇ ਹਿੱਸੇ ਵਿਚ ਅਸੀਂ ਪੜ੍ਹਦੇ ਹਾਂ:

> ਇਹ ਦੇ ਪਿੱਛੋਂ ਇਸਰਾਏਲ ਦੇ ਸਾਰੇ ਗੋਤ ਹਬਰੋਨ ਦੇ ਵਿਚ ਦਾਊਦ ਕੋਲ ਆਏ ਅਤੇ ਉਸ ਨੂੰ ਆਖਿਆ ਕਿ ਵੇਖੋ, ਅਸੀਂ ਤੁਹਾਡੀ ਹੀ ਹੱਡੀ ਤੇ ਬੋਟੀ ਹਾਂ। ਅਤੇ ਪਿੱਛਲੇ ਸਮੇਂ ਵਿਚ ਵੀ ਜਿਸ ਵੇਲੇ ਸਾਡਾ ਬਾਦਸ਼ਾਹ ਸ਼ਾਊਲ ਸੀ ਤਾਂ ਤੁਸੀਂ ਹੀ ਇਸਰਾਏਲ ਨੂੰ ਬਾਹਰ ਲੈ ਜਾਂਦੇ ਅਤੇ ਫੇਰ ਮੋੜ ਲਿਆਉਂਦੇ ਸਾਓ ਅਤੇ ਯਹੋਵਾਹ ਨੇ ਤੁਹਾਨੂੰ ਆਖਿਆ ਹੈ ਜੋ ਤੂੰ ਮੇਰੀ ਪਰਜਾ ਇਸਰਾਏਲ ਨੂੰ ਚੁਗਾਵੇਂਗਾ ਅਤੇ ਤੂੰ ਹੀ ਇਸਰਾਏਲ ਉੱਤੇ ਪਰਧਾਨ ਹੋਵੇਂਗਾ। ਗੱਲ ਕਾਹਦੀ, ਇਸਰਾਏਲ ਦੇ ਸਾਰੇ ਬਜ਼ੁਰਗ ਹਬਰੋਨ ਵਿਚ ਪਾਤਸ਼ਾਹ ਕੋਲ ਆਏ ਅਤੇ ਦਾਊਦ ਬਾਦਸ਼ਾਹ ਨੇ ਹਬਰੋਨ ਵਿਚ ਉਨ੍ਹਾਂ ਦੇ ਨਾਲ ਯਹੋਵਾਹ ਦੇ ਅੱਗੇ ਨੇਮ ਕੀਤਾ ਅਤੇ ਉਨ੍ਹਾਂ ਨੇ ਦਾਊਦ ਨੂੰ ਮਸਹ ਕਰ ਕੇ ਇਸਰਾਏਲ ਦਾ ਬਾਦਸ਼ਾਹ ਬਣਾ ਦਿੱਤਾ[32] (ਆਇਤਾਂ 1–3)।

1 ਇਤਿਹਾਸ ਦਾ ਲੇਖਕ ਸਾਨੂੰ ਦੱਸਦਾ ਹੈ ਕਿ ਜਦੋਂ ਬਜ਼ੁਰਗ ਆਏ, ਤਾਂ ਸਿਪਾਹੀ ਵੀ ਸਾਰੇ ਉੱਤਰੀ ਕਬੀਲਿਆਂ ਵਿੱਚੋਂ ਆਏ ਕਿ ''ਯਹੋਵਾਹ ਦੇ ਬਚਨ ਦੇ ਅਨੁਸਾਰ ਸ਼ਾਊਲ ਦੇ ਰਾਜ ਨੂੰ ਉਸ ਦੀ ਵੱਲ ਮੋੜ ਲਿਆਉਣ'' (12:23)। ''ਇਹ ਸਭ ... ਦਾਊਦ ਨੂੰ ਸਾਰੇ ਇਸਰਾਏਲ ਦਾ ਰਾਜਾ ਬਣਾਉਣ ਲਈ ... ਸੱਚੇ ਮਨੋਂ ਆਏ ਸਨ'' (ਆਇਤ 38; NIV)। ਉਹ ਸਭ ਲਗਭਗ 340,000 ਦੀ ਫ਼ੌਜ ਲੈ ਕੇ ਆਏ ਸਨ![33] ਉਹ ਆਪਣੇ ਨਾਲ ਉਹ ਤਿੰਨ ਦਿਨਾਂ ਤਕ ਚੱਲਣ ਵਾਲੀ ਸ਼ਾਨਦਾਰ ਦਾਅਵਤ ਦਾ ਸਮਾਨ ਵੀ ਲਿਆਏ ਸਨ। ਇਹ ਯਕੀਨਨ ਬੜੀ ਵੱਡੀ ਦਾਅਵਤ ਹੋਵੇਗੀ! ''ਇਸਰਾਏਲ ਵਿਚ ਅਨੰਦ ਮਨਾਇਆ ਜਾ ਰਿਹਾ ਸੀ'' (1 ਇਤਿਹਾਸ 12:40)।

ਦਾਊਦ ਜ਼ਿੰਦਗੀ ਦੇ ਆਪਣੇ ਕੰਮ ਨੂੰ ਸ਼ੁਰੂ ਕਰਨ ਲਈ ਤਿਆਰ ਸੀ, ਜਿਸ ਦੀ ਉਹ ਸੈਂਤੀ ਸਾਲਾਂ ਤੋਂ ਤਿਆਰੀ ਕਰ ਰਿਹਾ ਸੀ!

> ਜਿਸ ਵੇਲੇ ਦਾਊਦ ਰਾਜ ਕਰਨ ਲੱਗਾ ਤਦ ਤੀਹਾਂ ਵਰਿਹਾਂ ਦਾ ਸੀ ਅਤੇ ਉਸ ਨੇ ਚਾਲੀ ਵਰਹੇ ਰਾਜ ਕੀਤਾ। ਉਸ ਨੇ ਸੱਤ ਵਰਹੇ ਛੇ ਮਹੀਨੇ ਯਹੂਦਾਹ ਉੱਤੇ ਹਬਰੋਨ ਵਿਚ, ਅਤੇ ਸਾਰੇ ਇਸਰਾਏਲ ਅਰ ਯਹੂਦਾਹ ਉੱਤੇ ਯਰੂਸ਼ਲਮ ਵਿਚ ਤੇਤੀ ਵਰਹੇ ਰਾਜ ਕੀਤਾ (2 ਸਮੂਏਲ 5:4, 5)।

## ਬੁੱਧਵਾਨ ਆਗੂ ਸਮਝਦੇ ਹਨ ਕਿ ਉਹ ਕਿਸੇ ਗੱਦੀ ਉੱਤੇ ਨਹੀਂ ਬੈਠੇ ਸਗੋਂ ਜ਼ਿੰਮੇਵਾਰੀ ਨਿਭਾ ਰਹੇ ਹਨ (2 ਸਮੂਏਲ 5:6-10; 1 ਇਤਿਹਾਸ 11:4-9)

ਜੇਕਰ ਇਹ ਕੋਈ ਪਰੀ ਕਥਾ ਹੁੰਦੀ, ਤਾਂ ਇਹ ਕਹਿਣ ਦਾ ਸਹੀ ਵਕਤ ਸੀ ਕਿ ''ਅਤੇ ਉਹ ਖੁਸ਼ੀ ਖੁਸ਼ੀ ਰਹਿਣ ਲੱਗੇ।'' ਪਰ ਇਹ ਪਰੀ ਕਥਾ ਨਹੀਂ ਸੀ; ਇਹ ਤਾਂ ਅਸਲ ਜ਼ਿੰਦਗੀ ਹੈ ਅਤੇ ਅਸਲੀ ਜੀਵਨ ਇੱਨਾਂ ਅਸਾਨ ਨਹੀਂ ਹੁੰਦਾ। ਜਦੋਂ ਦਾਊਦ ਨੂੰ ਸੱਭ ਬਾਰ੍ਹਾਂ ਗੋਤਰਾਂ ਕਬੀਲਿਆਂ ਵੱਲੋਂ ਰਾਜਾ ਬਣਾਇਆ ਗਿਆ ਸੀ ਤਾਂ ਉਸ ਦਾ ਕੰਮ ਸਿਰਫ਼ ਸ਼ੁਰੂ ਹੀ ਹੋਇਆ ਸੀ। ਕਹਿੰਦੇ ਹਨ ਕਿ ਟੀਚੇ ਦੀ ਪ੍ਰਾਪਤੀ, ਅਸਲ ਵਿਚ ਕਈ ਮੁਸ਼ਕਿਲਾਂ ਨੂੰ ਲੈ ਕੇ ਆਉਂਦੀ ਹੈ।

ਦਾਊਦ ਦਾ ਪਹਿਲਾ ਕੰਮ ਹਾਸਿਲ ਕੀਤੀ ਗਈ ਏਕਤਾ ਨੂੰ ਬਣਾਈ ਰੱਖਣਾ ਸੀ। ਨਵੀਂ ਨਵੀਂ ਏਕਤਾ ਨਵਜੰਮੇ ਬੱਚੇ ਵਾਂਗ ਹੀ ਕੋਮਲ ਹੁੰਦੀ ਹੈ, ਇਸ ਨੂੰ ਹਰ ਔਕੜ ਤੋਂ ਖ਼ਤਰਾ ਹੁੰਦਾ ਹੈ, ਕਿਸੇ ਵੀ ਵੇਲੇ ਮੌਤ ਹੋ ਸਕਦੀ ਹੈ। ਦਾਊਦ ਨੇ ਇਕ ਹਿੰਮਤੀ ਅਤੇ ਚਤੁਰਾਈ ਭਰੀ ਜੁਗਤ ਦਾ ਫੈਸਲਾ

ਕੀਤਾ, ਜਿਹੜੀ ਉਸ ਦੀ ਕਲਪਨਾ ਤੋਂ ਕਿਤੇ ਪਰ੍ਹੇ ਸੀ। ਉਸ ਨੇ ਯਰੂਸ਼ਲਮ ਤੇ ਕਬਜ਼ਾ ਕਰ ਕੇ ਇਸ ਨੂੰ ਆਪਣਾ ਸ਼ਾਹੀ ਨਗਰ ਦੇਸ਼ ਦੀ ਰਾਜਧਾਨੀ, ਅਤੇ ਇਸਰਾਏਲ ਵਾਸਤੇ ਰੂਹਾਨੀ ਕੇਂਦਰ ਬਣਾਉਣਾ ਸੀ।

ਪ੍ਰਾਚੀਨ ਨਗਰ ਯਰੂਸ਼ਲਮ ਦੇਸ਼ ਵਿਚ ਸਭ ਤੋਂ ਉੱਚੀ ਥਾਂ ਉੱਤੇ ਬਣਾਇਆ ਗਿਆ ਸੀ। ਅਬਰਾਹਾਮ ਦੇ ਵਕਤ ਇਹ ਇਕ ਸ਼ਾਹੀ ਨਗਰ ਸੀ, ਜਿਸ ਦਾ ਰਾਜਾ ਮਲਕੀਸਿਦਕ ਸੀ।[34] ਯਰੂਸ਼ਲਮ ਨੇੜੇ ਮੋਰੀਆ ਪਹਾੜ ਸੀ, ਜਿੱਥੇ ਅਬਰਾਹਾਮ ਆਪਣੇ ਬੇਟੇ ਇਸਹਾਕ ਨੂੰ ਕੁਰਬਾਨ ਕਰਨ ਲਈ ਲੈ ਗਿਆ ਸੀ। ਯਹੋਸ਼ੂਆ ਨੇ ਦੇਸ਼ ਵਿਚ ਅੱਗੇ ਵਧਣ ਦੇ ਸਮੇਂ ਯਰੂਸ਼ਲਮ ਦੇ ਰਾਜੇ ਨੂੰ ਮਾਰਿਆ ਸੀ (ਤੁਲਨਾ ਯਹੋਸ਼ੁਆ 10:22–27), ਪਰ ਉਹ ਨਗਰ ਨੂੰ ਹਰਾ ਨਹੀਂ ਪਾਇਆ ਸੀ (ਯਹੋਸ਼ੁਆ 15:63)। ਹੋਰ ਵੀ ਲੋਕਾਂ ਨੇ ਨਗਰ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ; ਪਰ ਉਹ ਕਾਮਯਾਬ ਨਹੀਂ ਹੋਏ ਸਨ (ਨਿਆਈਆਂ 1:21)। ਤਿੰਨ ਪਾਸਿਓਂ ਡੂੰਘੇ ਖੱਡਿਆਂ ਨਾਲ ਘਿਰਿਆ ਟੀਸੀ ਤੇ ਵੱਸਿਆ ਯਰੂਸ਼ਲਮ ਚਾਰ ਸੌ ਸਾਲਾਂ ਤਕ ਇਸਰਾਏਲ ਦੇ ਕੇਂਦਰ ਵਿਚ ਇਕ ਭੇਦ ਭਰੇ ਕਿਲੇ ਵਾਂਗ ਰਿਹਾ। ਯਰੂਸ਼ਲਮ ਉੱਤੇ ਕਬਜ਼ਾ ਕਰਕੇ ਦਾਊਦ ਨੇ ਏਕਤਾ ਦੀ ਤਾਕਤ ਵਿਖਾਉਣੀ ਸੀ; ਮਿਲ ਕੇ ਕੰਮ ਕਰਦੇ ਹੋਏ ਇਸਰਾਏਲ ਨੇ ਅਜਿਹਾ ਕੁਝ ਪਾਉਣਾ ਸੀ ਜਿਸਨੂੰ ਇਕੱਲਾ ਕੋਈ ਨਹੀਂ ਕਰ ਸਕਦਾ। ਇਸ ਦੇ ਇਲਾਵਾ ਯਹੂਦਾ ਅਤੇ ਬਿਨਯਾਮੀਨ ਦੇ ਕਬੀਲਿਆਂ ਵਿਚ ਯਰੂਸ਼ਲਮ ਵਿਚਲੀ ਜ਼ਮੀਨ ਸੀ; ਇਸ ਲਈ ਦਾਊਦ ਨੇ ਇਹ ਸੰਦੇਸ਼ ਦੇਣਾ ਸੀ ਕਿ ਉਹ ਆਪਣੇ ਰਾਜ ਵਿਚ ਕੋਈ ਪੱਖਪਾਤ ਨਹੀਂ ਵਿਖਾਵੇਗਾ।

ਯਰੂਸ਼ਲਮ ਉੱਤੇ ਕਬਜ਼ੇ ਦੀ ਗੱਲ ਕਰਨਾ ਤਾਂ ਅਸਾਨ ਸੀ, ਪਰ ਅਸਲ ਵਿਚ ਉਸ ਤੇ ਕਬਜ਼ਾ ਕਰਨਾ ਅਸਾਨ ਨਹੀਂ ਸੀ। ਜਦੋਂ ਦਾਊਦ ਆਪਣੀ ਫ਼ੌਜ ਲੈ ਕੇ ਨਗਰ ਵੱਲ ਵਧਿਆ ਤਾਂ ਯਬੂਸੀਆਂ ਨੇ[35] ਜਿਨ੍ਹਾਂ ਦਾ ਕਿਲ੍ਹੇ ਤੇ ਕਬਜ਼ਾ ਸੀ ਉਨ੍ਹਾਂ ਦਾ ਨਿਆਦਰ ਕੀਤਾ। ''ਜਦੋਂ ਤਕ ਤੂੰ ਅੰਨ੍ਹਿਆਂ ਅਤੇ ਲੰਙਿਆਂ ਨੂੰ ਦੂਰ ਨਾ ਕਰੇਂ, ਤਦ ਤਕ ਉੱਥੇ ਬੈਠ ਨਾ ਸਕੇਂਗਾ'' (ਵੇਖੋ 2 ਸਮੂਏਲ 5:6)! ਪਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਦਾਊਦ ਸ਼ਹਿਰ ਦੀ ਸੁਰੱਖਿਆ ਦੀ ਕਮਜ਼ੋਰੀ ਤੋਂ ਜਾਣੂ ਸੀ। ਸ਼ਹਿਰਪਨਾਹ ਦੇ ਬਾਹਰ ਇਕ ਚਸ਼ਮੇ ਵਿਚ ਪਾਣੀ ਦੀ ਇਕ ਸੁਰੰਗ ਸ਼ਹਿਰ ਦੇ ਵਿਚਕਾਰ ਦੇ ਕੇਂਦਰ ਦੇ ਇਕ ਖੂਹ ਤਕ ਜਾਂਦੀ ਸੀ। ਉਸ ਸੁਰੰਗ ਦੇ ਰਸਤੇ ਡੂੰਘੇ ਖੂਹ ਤਕ ਜਾਣਾ ਇਕ ਆਤਮਘਾਤੀ ਮਿਸ਼ਨ ਹੋ ਸਕਦਾ ਸੀ, ਇਸ ਲਈ ਦਾਊਦ ਨੇ ਇਹ ਪੇਸ਼ਕਸ਼ ਕੀਤੀ ਕਿ ''ਜੋ ਕੋਈ ਪਹਿਲਾਂ ਯਬੂਸੀਆਂ ਨੂੰ ਮਾਰ ਲਵੇਗਾ, ਉਹੋ [ਮੇਰੀ ਫ਼ੌਜ ਦਾ] ਪ੍ਰਧਾਨ ਸਰਦਾਰ ਹੋਵੇਗਾ'' (1 ਇਤਿਹਾਸ 11:6)। ਬਗੈਰ ਕੁਝ ਸੋਚੇ ਯੋਆਬ ਠੰਡੇ ਪਾਣੀ ਵਿਚ ਆਪਣੇ ਆਦਮੀਆਂ ਨੂੰ ਲੈ ਕੇ ਸੁਰੰਗ ਦੇ ਮੂੰਹ ਦੇ ਹਨ੍ਹੇਰੇ ਵਿਚ ਕੁੱਦ ਪਿਆ। ਕੁਝ ਹੀ ਚਿਰ ਬਾਅਦ ਦਾਊਦ ਦੀ ਫ਼ੌਜ ਨੇ ਯਰੂਸ਼ਲਮ ਉੱਤੇ ਕਬਜ਼ਾ ਕਰ ਲਿਆ ਅਤੇ ਦਾਊਦ ਦਾ ਸਭ ਤੋਂ ਬਹਾਦਰ ਸੂਰਮਾ ਅਤੇ ਸਭ ਤੋਂ ਵੱਡੀ ਪਰੇਸ਼ਾਨੀ, ਮੁੜ ਦਾਊਦ ਦਾ ਜਰਨੈਲ ਬਣ ਗਿਆ। (ਯੋਆਬ ਜਿਹੇ ਲੋਕਾਂ ਤੋਂ ਪਿੱਛਾ ਛੁਡਾਉਣਾ ਔਖਾ ਹੁੰਦਾ ਹੈ!)

ਦਾਊਦ ਨੇ ਝੱਟ ਯਰੂਸ਼ਲਮ ਨੂੰ ਆਪਣਾ ਮੁੱਖ ਦਫ਼ਤਰ ਬਣਾ ਲਿਆ ਅਤੇ ਇਸ ਦੀਆਂ ਹੱਦਾਂ ਵਿਚ ਵਾਧਾ ਕਰਨ ਲੱਗਾ।[36] ਛੇਤੀ ਹੀ ਇਸ ਨੂੰ ''ਦਾਊਦ ਦਾ ਸ਼ਹਿਰ'' ਕਿਹਾ ਜਾਣ ਲੱਗਿਆ। ਸਮਾਂ ਬੀਤਣ ਤੇ ''ਦਾਊਦ ਵੱਧਦਾ ਗਿਆ ਅਰ ਯਹੋਵਾਹ ਸੈਨਾਂ ਦਾ ਪਰਮੇਸ਼ੁਰ ਉਸ ਦੇ ਅੰਗ ਸੰਗ ਸੀ'' (2 ਸਮੂਏਲ 5:10)।

2 ਸਮੂਏਲ 5:11 ਦੀ ਇਕ ਟਿੱਪਣੀ ਨਾਲ ਦਾਊਦ ਦੀ ਕਾਮਯਾਬੀ ਬਾਰੇ ਪਤਾ ਚੱਲਦਾ ਹੈ: ''ਤਦ ਸੋਰ ਦੇ ਬਾਦਸ਼ਾਹ ਹੀਰਾਮ ਨੇ ਹਲਕਾਰੇ ਅਤੇ ਦਿਆਰ ਦੀ ਲੱਕੜ ਅਤੇ ਤਰਖਾਣ ਅਤੇ ਪੱਥਰ ਘੜਨ ਵਾਲੇ ਦਾਊਦ ਕੋਲ ਘੱਲੇ ਅਰ ਉਨ੍ਹਾਂ ਦਾ ਦਾਊਦ ਦੇ ਲਈ ਮਹਿਲ ਬਣਾਇਆ।'' ਸੋਰ ਇਕ ਅਹਿਮ ਬੰਦਰਗਾਹ ਸੀ, ਜਿਹੜੀ ਇਸਰਾਏਲ ਦੇ ਉੱਤਰ ਵਿਚ ਫੋਨੀਕੇ ਵਿਚ ਸੀ। ਹੀਰਾਮ ਦਾ ਤੋਹਫ਼ਾ ਅਹਿਮ ਹੈ, ਕਿਉਂਕਿ ਦਾਊਦ ਦੇ ਨਵੇਂ ਰੁਤਬੇ ਨੂੰ ਮਾਨਤਾ ਦੇਣ ਵਾਲੀ ਪਹਿਲੀ ਬਾਹਰੀ ਸ਼ਕਤੀ ਉਹੀ ਸੀ।

ਹੀਰਾਮ ਦੀ ਖੁੱਲ੍ਹਦਿਲੀ ਕਰਕੇ ਦਾਊਦ ਖੁਸ਼ ਹੋਇਆ। ''ਤਾਂ ਦਾਊਦ ਠੀਕ ਜਾਣਦਾ ਸੀ ਜੋ

ਯਹੋਵਾਹ ਨੇ ਮੈਨੂੰ ਇਸਰਾਏਲ ਦਾ ਬਾਦਸ਼ਾਹ ਬਣਾ ਦਿੱਤਾ ਹੈ ਅਤੇ ਉਸ ਨੇ ਮੇਰੇ ਰਾਜ ਨੂੰ ਆਪਣੀ ਪਰਜਾ ਇਸਰਾਏਲ ਦੇ ਲਈ ਹੀ ਵਧਾਇਆ ਸੀ'' (2 ਸਮੂਏਲ 5: 12)। ਭਲਾ ਤੁਹਾਡੇ ਨਾਲ ਕਦੀ ਅਜਿਹਾ ਹੋਇਆ ਹੈ ਕਿ ਤੁਹਾਨੂੰ ਕੋਈ ਖ਼ਾਸ ਚੀਜ਼ ਮਿਲੀ ਹੋਵੇ ਅਤੇ ਤੁਸੀਂ ਹੈਰਾਨ ਰਹਿ ਗਏ ਹੋਵੋ, ''ਕਿਤੇ ਮੈਂ ਸੁਪਨਾ ਤਾਂ ਨਹੀਂ ਵੇਖ ਰਿਹਾ? ਕੀ ਅੱਖਾਂ ਖੋਲ੍ਹਣ ਤੇ ਮੈਂ ਅਜਿਹਾ ਹੀ ਵੇਖਾਂਗਾ?'' ਸਾਫ਼ ਤੌਰ ਤੇ ਦਾਊਦ ਨਾਲ ਕੁਝ ਅਜਿਹਾ ਹੀ ਹੋਇਆ। ਹੀਰਾਮ ਦੇ ਕੰਮ ਤੋਂ ਇਸ ਗੱਲ ਦੀ ਤਸਦੀਕ ਹੋ ਗਈ ਕਿ ਖ਼ੁਦਾ ਦੇ ਵਾਅਦੇ ਪੂਰੇ ਹੋਣ ਵਾਲੇ ਹਨ।

ਹੀਰਾਮ ਦੀਆਂ ਸ਼ੁਭਕਾਮਨਾਵਾਂ ਦਾਊਦ ਦਾ ਧਿਆਨ ਇਕ ਅਹਿਮ ਸੱਚਾਈ ਤੇ ਲਾਉਣਗੀਆਂ। ''ਅਤੇ ਦਾਊਦ ਨੂੰ ਯਕੀਨ ਹੋ ਗਿਆ ਕਿ ਯਹੋਵਾਹ ਨੇ ... ਆਪਣੀ ਇਸਰਾਏਲੀ ਪਰਜਾ ਦੇ ਨਮਿੱਤ ਮੇਰਾ ਰਾਜ ਵਧਾਇਆ ਹੈ।'' ਮਨ ਵਿਚ ਦਾਊਦ ਦੇ ਨਮਿੱਤ ਨਹੀਂ, ਬਲਕਿ ''ਆਪਣੀ ਇਸਰਾਏਲੀ ਪਰਜਾ ਦੇ ਨਮਿੱਤ'' ਨੂੰ ਰੇਖਾਂਕਿਤ ਕਰ ਲਓ। ਬਹੁਤ ਸਾਰੇ ਲੋਕਾਂ ਨੂੰ ਲਗਦਾ ਹੈ ਕਿ ਲੀਡਰਸ਼ਿਪ ਦਾ ਮਕਸਦ ਉਨ੍ਹਾਂ ਦੀ ਇੱਛਾ ਨੂੰ ਉਨ੍ਹਾਂ ਦੀਆਂ ਖ਼ਾਹਿਸ਼ਾਂ ਨੂੰ ਪੂਰਾ ਕਰਨ, ਉਨ੍ਹਾਂ ਦੀ ਮਰਜ਼ੀ ਚਲਾਉਣ ਲਈ ਹੁੰਦਾ ਹੈ। ਦਾਊਦ ਦਾ ਆਪਣਾ ਏਜੰਡਾ ਨਹੀਂ ਸੀ ਸਗੋਂ ਖ਼ੁਦਾਈ ਏਜੰਡਾ ਸੀ। ਉਸਨੇ ਜੋ ਕੁਝ ਵੀ ਕੀਤਾ ਉਹ ਖ਼ੁਦਾ ਦੇ ਲੋਕਾਂ ਲਈ ਸੀ।

ਲੀਡਰਸ਼ਿਪ ਅਹੁਦਾ ਜਾਂ ਪਦਵੀ ਨਾ ਹੋ ਕੇ ਇਕ ਜ਼ਿੰਮੇਵਾਰੀ ਹੈ। ਦਾਊਦ ਦੀ ਜ਼ਿੰਮੇਵਾਰੀ ਨੂੰ ਸਮਝਣਾ ਔਖਾ ਹੈ। ਅੱਜ ਨਾਲ ਇਸ ਦੀ ਕੋਈ ਤੁਲਨਾ ਨਹੀਂ ਹੈ। ਦਾਊਦ ਲਈ ਲੋਕਾਂ ਦੀ ਸਿਆਸੀ ਅਤੇ ਮਾਲੀ ਭਲਿਆਈ ਦੀ ਚਿੰਤਾ ਹੀ ਨਹੀਂ, ਸਗੋਂ ਲੋਕਾਂ ਦੀ ਰੂਹਾਨੀ ਭਲਿਆਈ ਲਈ ਚਿੰਤਤ ਹੋਣਾ ਜ਼ਰੂਰੀ ਸੀ। ਰਾਸ਼ਟਰਪਤੀ ਦੀਆਂ ਵੱਡੀਆ ਵੱਡੀਆਂ ਜ਼ਿੰਮੇਵਾਰੀਆਂ ਵੱਲ ਧਿਆਨ ਦਿਓ। ਪ੍ਰਭੂ ਦੀ ਕਲੀਸੀਆ ਦੇ ਐਲਡਰ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੱਲ ਧਿਆਨ ਦਿਓ। ਪ੍ਰਭੂ ਦੀ ਕਲੀਸੀਆ ਦੇ ਐਲਡਰ ਦੀਆ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੱਲ ਧਿਆਨ ਦਿਓ (ਇਬਰਾਨੀਆਂ 13: 17)। ਫਿਰ ਕਈ ਲੱਖ ਮੈਂਬਰਾਂ ਵਾਲੀ ਮੰਡਲੀ ਦੇ ਐਲਡਰ ਦੀਆਂ ਜ਼ਿੰਮੇਵਾਰੀਆਂ ਦੀ ਕਲਪਨਾ ਕਰੋ! ਇਸ ਵਿਚ ਤੁਹਾਨੂੰ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਦੀ ਕੁਝ ਸਮਝ ਆ ਜਾਵੇਗੀ।

ਹਰ ਆਗੂ ਲਈ ਇਹ ਅਹਿਸਾਸ ਕਰਨਾ ਜ਼ਰੂਰੀ ਹੈ ਕਿ ਲੀਡਰਸ਼ਿਪ ਜਾਂ ਰਹਿਨੁਮਾਈ ਕਰਨ ਦਾ ਅਧਿਕਾਰ ਉਨ੍ਹਾਂ ਨੂੰ ਆਪਣੇ ਐਸ਼ ਕਰਨ ਲਈ ਨਹੀਂ, ਸਗੋਂ ਲੋਕਾਂ ਦੀ ਸੇਵਾ ਕਰਨ ਲਈ ਦਿੱਤਾ ਗਿਆ ਹੈ। ਇਸ ਨਾਲੋਂ ਵੀ ਅਹਿਮ ਹਰ ਆਗੂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ ਦੀ ਨੈਤਿਕ ਅਤੇ ਆਤਮਿਕ ਭਲਿਆਈ ਹੈ ਜਿਨ੍ਹਾਂ ਦੀ ਉਹ ਸੇਵਾ ਕਰਦਾ ਹੈ। ਦੁੱਖ ਦੀ ਗੱਲ ਹੈ ਕਿ ਬਹੁਤੇ ਲੋਕ ਇਸ ਦਾ ਅਹਿਸਾਸ ਨਹੀਂ ਕਰਦੇ।

## ਬੁੱਧਵਾਨ ਆਗੂ ਆਪਣੇ ਪੈਰੋਕਾਰਾਂ ਦੀ ਸੁਰੱਖਿਆ ਦੀ ਚਿੰਤਾ ਕਰਦਾ ਹੈ (2 ਸਮੂਏਲ 5:17-25; 1 ਇਤਿਹਾਸ 14:8-16)

ਉੱਤਰੀ ਕਬੀਲਿਆਂ ਦੇ ਬਜ਼ੁਰਗਾਂ ਨਾਲ ਪਹਿਲੀ ਇਕ ਸਭਾ ਵਿਚ ਅਬਨੇਰ ਨੇ ਕਿਹਾ ਸੀ, ''ਯਹੋਵਾਹ ਨੇ ਦਾਊਦ ਦੇ ਲਈ ਆਖਿਆ ਜੋ ਮੈਂ ਆਪਣੇ ਦਾਸ ਦਾਊਦ ਦੇ ਰਾਹੀਂ ਆਪਣੀ ਪਰਜਾ ਇਸਰਾਏਲ ਨੂੰ ਫ਼ਲਿਸਤੀਆਂ ਦੇ ਹੱਥੋਂ ਅਤੇ ਉਸ ਦੇ ਸਾਰੇ ਵੈਰੀਆਂ ਦੇ ਹੱਥੋਂ ਛੁਟਕਾਰਾ ਦਿਆਂਗਾ'' (2 ਸਮੂਏਲ 3: 18)।[37] ਨਵੇਂ ਬਣੇ ਰਾਜੇ ਦੇ ਇਸ ਵਾਅਦੇ ਦੀ ਛੇਤੀ ਹੀ ਪਰਖ ਹੋ ਗਈ। ''ਜਾਂ ਫ਼ਲਿਸਤੀਆਂ ਨੇ ਸੁਣਿਆ ਜੋ ਉਨ੍ਹਾਂ ਦਾਊਦ ਨੂੰ ਮਸਹ ਕਰ ਕੇ ਇਸਰਾਏਲ ਦਾ ਬਾਦਸ਼ਾਹ ਬਣਾਇਆ ਹੈ ਤਦ ਸਾਰਿਆਂ ਫ਼ਲਿਸਤੀਆਂ ਨੇ ਦਾਊਦ ਦੇ ਲੱਭਣ ਲਈ ਚੜ੍ਹਾਈ ਕੀਤੀ'' (2 ਸਮੂਏਲ 5: 17)। ਜਦ ਤਕ ਦੇਸ਼ ਵੰਡਿਆ ਹੋਇਆ ਸੀ, ਅਤੇ ਦਾਊਦ ਸਿਰਫ਼ ਯਹੂਦਾ ਉੱਤੇ ਹੀ ਰਾਜ ਕਰਦਾ ਸੀ, ਤਦ ਤਕ ਫ਼ਲਿਸਤੀਆਂ ਨੂੰ ਉਸ ਤੋਂ ਕੋਈ ਖ਼ਤਰਾ ਨਹੀਂ ਸੀ। ਪਰ ਜਦੋਂ ਦਾਊਦ ਦੇ ਅਧੀਨ ਇਸਰਾਏਲ

ਇਕ ਹੋ ਗਿਆ, ਉਸ ਦੇ ਅਧੀਨ 300,000 ਦੀ ਫ਼ੌਜ ਹੋ ਗਈ, ਤਾਂ ਫ਼ਲਿਸਤੀਨੀ ਉਸ ਨੂੰ ਆਪਣੀ ਫ਼ੌਜ ਇਕੱਠੀ ਕਰਨ ਤੋਂ ਪਹਿਲਾਂ ਹੀ ਨਾਸ ਕਰਨ ਨੂੰ ਤਿਆਰ ਹੋਏ।

ਇਹ ਛਾਪਾਮਾਰ ਟੋਲੀ ਵਾਂਗੂ ਕੋਈ ਛਾਪਾਮਾਰੀ ਨਹੀਂ ਸੀ। ਸਗੋਂ ਇਕ ਜੰਗ ਸੀ, ਉਹੋ ਜਿਹੀ ਹੀ ਜੰਗ ਜਿਸ ਵਿਚ ਸ਼ਾਊਲ ਮਾਰਿਆ ਗਿਆ ਸੀ। ਇਹ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ''*ਸਾਰੇ* ਫ਼ਲਿਸਤੀਨੀ ਦਾਊਦ ਦੀ ਭਾਲ ਵਿਚ ਨਿਕਲੇ।'' NIV ਦਾ ਅਨੁਵਾਦ ਹੈ ਕਿ ''ਉਹ ਉਸ ਨੂੰ ਲੱਭਣ ਲਈ ਪੂਰੀ ਤਾਕਤ ਨਾਲ ਗਏ।'' ਉਹ ਫ਼ਲਿਸਤੀਨ ਤੋਂ ਚੱਲ ਕੇ ਅੱਗੇ ਵਧਦੇ ਹੋਏ ਤਦ ਤਕ ਮਾਰਦੇ ਅਤੇ ਲੁੱਟਦੇ ਗਏ,[38] ਜਦ ਤਕ ਯਰੂਸ਼ਲਮ ਤੋਂ ਕੁਝ ਦੂਰ ਰਪਾਈਮ ਘਾਟੀ ਵਿਚ ਨਹੀਂ ਪਹੁੰਚ ਗਏ।

ਜਦ ਦਾਊਦ ਨੇ ਦੁਸ਼ਮਣਾਂ ਨੂੰ ਹੇਠਾਂ ਫੈਲੀ ਘਾਟੀ ਵਿਚ ਫੈਲੇ ਵੇਖਿਆ, ਤਾਂ ਉਹ ਇਸਰਾਏਲ ਦੇ ਅਸਲੀ ਹਾਕਮ ਕੋਲ ਗਿਆ। ਉਸ ਨੇ ਖ਼ੁਦਾ ਨੂੰ ਪੁੱਛਿਆ, ''ਭਲਾ, ਮੈਂ ਫ਼ਲਿਸਤੀਆਂ ਉੱਤੇ ਚੜ੍ਹਾਈ ਕਰਾਂ? ਕੀ ਤੂੰ ਉਨ੍ਹਾਂ ਨੂੰ ਮੇਰੇ ਹੱਥ ਸੌਂਪ ਦੇਵੇਂਗਾ?'' ਖ਼ੁਦਾ ਨੇ ਜਵਾਬ ਦਿੱਤਾ, ''ਚੜ੍ਹਾਈ ਕਰ ਕਿਉਂ ਜੋ ਨਿਸੰਗ ਮੈਂ ਫ਼ਲਿਸਤੀਨੀਆਂ ਨੂੰ ਤੇਰੇ ਹੱਥ ਸੌਂਪਾਂਗਾ'' (2 ਸਮੂਏਲ 5:19)। ਸਾਲਾਂ ਪਿੱਛੋਂ ਪਹਿਲੀ ਵਾਰ ਖ਼ੁਦਾ ਦੀ ਫ਼ੌਜ ਦੇ ਰੂਪ ਵਿਚ ਦਾਊਦ ਜੰਗ ਵਿਚ ਸੀ ਅਤੇ ਉਸ ਨੇ ਫ਼ਲਿਸਤੀਨੀਆਂ ਨੂੰ ਹਰਾ ਦਿੱਤਾ ਸੀ। ਉਹ ਖੁਸ਼ ਹੋਇਆ, ''ਯਹੋਵਾਹ ਮੇਰੇ ਸਾਹਮਣੇ ਮੇਰੇ ਵੈਰੀਆਂ ਤੇ ਇਉਂ ਢਹਿ ਪਿਆ ਜਿਵੇਂ ਮੋਘੇ ਵਿੱਚੋਂ ਪਾਣੀ ਰੋੜ ਲੈ ਜਾਂਦਾ ਹੈ [ਹੜ੍ਹ ਆ ਜਾਣ ਵਾਂਗ; RSV]'' (2 ਸਮੂਏਲ 5:20)। ਉਸ ਨੇ ਉਸ ਜਗ੍ਹਾ ਦਾ ਨਾਂਅ ਬਾਲ-ਪਰਾਜਮ ਰੱਖਿਆ, ''ਰਸਤਾ ਬਣਾਉਣ ਵਾਲਾ ਪ੍ਰਭੂ।''

ਕਿਸੇ ਵੀ ਆਗੂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ ਦੀ ਰੱਖਿਆ ਅਤੇ ਬਚਾਅ ਕਰਨਾ ਹੈ ਜਿਹੜੇ ਅਗਵਾਈ ਲਈ ਉਸ ਵੱਲ ਤੱਕਦੇ ਹਨ। ਕਈ ਵਾਰ ਵਿਨਾਸ਼ਕਾਰੀ ਹਮਲਿਆਂ ਦਾ ਸਾਫ਼ ਪਤਾ ਲਗ ਜਾਂਦਾ ਹੈ; ਜਦ ਕਿ ਕਈ ਵਾਰ ਸਾਫ਼ ਪਤਾ ਨਹੀਂ ਚੱਲਦਾ ਹੈ। ਕਈ ਵਾਰ ਤਾਂ ਹਮਲੇ ਅੰਦਰੋਂ ਹੀ ਹੁੰਦੇ ਹਨ (ਵੇਖੋ ਰਸੂਲਾਂ ਦੇ ਕੰਮ 20:28-30)। ਬੁਧਵਾਨ ਆਗੂ ਖ਼ਤਰੇ ਉੱਤੇ ਉਸ ਨਾਲ ਸਮਝਦਾਰੀ ਨਾਲ ਨਜਿੱਠਣ ਦੀ ਲੋੜ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ। ਬੁਧਵਾਨ ਆਗੂ, ਦਾਊਦ ਵਾਂਗ ਔਖੇ ਹਾਲਾਤ ਵਿਚ ਮਦਦ ਅਤੇ ਅਗਵਾਈ ਲਈ ਖ਼ੁਦਾ ਕੋਲ ਜਾਂਦਾ ਰਹਿੰਦਾ ਹੈ।

ਬੁੱਧਵਾਨ ਆਗੂ ਇਹ ਵੀ ਜਾਣਦਾ ਹੈ ਕਿ ਔਕੜਾਂ ਸਦਾ ਲਈ ਮੁੱਕ ਨਹੀਂ ਸਕਣਗੀਆਂ ਕਿ ਜਾ ਕਿ ਆਉਣ ਹੀ ਨਾ। ਕੁਝ ਦੇਰ ਬਾਅਦ ਹੀ ਫ਼ਲਿਸਤੀਨੀ ਫੇਰ ਆ ਗਏ। ਦਾਊਦ ਦੀ ਪਹਿਲੀ ਜਿੱਤ ਤੋਂ ਘਬਰਾ ਕੇ ਉਹ ਰਪਾਈਮ ਦੀ ਘਾਟੀ ਵਿਚ ਪਹਿਲਾਂ ਨਾਲੋਂ ਵੱਧ ਫ਼ੌਜ ਲਿਆਏ।[39] ਦਾਊਦ ਫੇਰ ਖ਼ੁਦਾ ਕੋਲ ਗਿਆ। ਇਸ ਵਾਰ ਖ਼ੁਦਾ ਨੇ ਉਸ ਨੂੰ ਦੁਸ਼ਮਣ ਨੂੰ ਪਿੱਛਿਓਂ ਘੇਰਾ ਪਾਉਣ ਅਤੇ ਖ਼ੁਦਾ ਦੇ ਇਸ਼ਾਰੇ ਦੀ ਉਡੀਕ ਕਰਨ ਨੂੰ ਕਿਹਾ। ''ਅਤੇ ਅਜਿਹਾ ਹੋਵੇ ਭਈ ਜਿਸ ਵੇਲੇ ਤੂੰ ਤੂਤਾਂ ਦੇ ਬਿਰਛਾਂ ਦੀਆਂ ਉਤਲੀਆਂ ਟਾਹਣੀਆਂ ਵਿਚ ਤੁਰਨ ਦਾ ਖੜਕਾ ਸੁਣੇਂ[40] [ਭਾਵ, ਖ਼ੁਦਾ ਦੀ ਫ਼ੌਜ ਦੀ ਯੁੱਧ ਵਿਚ ਜਾਣ ਦੀ ਅਵਾਜ਼] ਤੈਨੂੰ ਸੁਣਾਈ ਦੇਵੇ, ਤਦ ਇਹ ਜਾਣ ਕੇ ਪੂਰੀ ਫੁਰਤੀ ਕਰਨਾ, ਕਿ ਯਹੋਵਾਹ ਫ਼ਲਿਸਤੀਨੀਆਂ ਦੀ ਫ਼ੌਜ ਨੂੰ ਮਾਰਨ ਲਈ ਮੇਰੇ ਅੱਗੇ ਪਧਾਰਿਆ ਹੈ'' (2 ਸਮੂਏਲ 5:24)। ਇਕ ਵਾਰ ਫੇਰ ਦਾਊਦ ਨੇ ਖ਼ੁਦਾ ਦੇ ਹੁਕਮ ਨੂੰ ਮੰਨਿਆ। ਇਸ ਵਾਰ ਦਾਊਦ ਅਤੇ ਉਸ ਦੀ ਫ਼ੌਜ ਨੇ ਦੁਸ਼ਮਣ ਨੂੰ ਉਹਦੇ ਇਲਾਕੇ ਵਿਚ ਪੁਚਾ ਦਿੱਤਾ। ''ਦਾਊਦ ਨੇ ਪਰਮੇਸ਼ੁਰ ਦੀ ਆਗਿਆ ਦੇ ਅਨੁਸਾਰ ਅਜਿਹਾ ਹੀ ਕੀਤਾ, ਅਰ ਉਹ ਫਲਿਸਤੀਆਂ ਦੇ ਦਲ ਨੂੰ ਗਿਬਓਨ ਤੋਂ ਲੈ ਕੇ ਗਜ਼ਰ ਤੋੜੀ ਮਾਰ ਮਾਰ ਕੇ ਨਾਸ ਕਰਦਾ ਰਿਹਾ'' (1 ਇਤਿਹਾਸ 14:16)। ਇਸ ਫੈਸਲਾਕੁਨ ਜਿੱਤ ਨਾਲ ਫਲਿਸਤੀਆਂ ਦੇ ਹੌਸਲੇ ਦਹਿ ਹੋ ਗਏ। ਭਾਵੇਂ ਕਦੇ ਕਦਾਈਂ ਫ਼ਲਿਸਤੀਨੀ ਪਰੇਸ਼ਾਨ ਕਰਦੇ ਰਹੇ, ਪਰ ਇਸ ਨਾਲ ਇਸਰਾਏਲ ਲਈ ਉਨ੍ਹਾਂ ਦੇ ਗੰਭੀਰ ਖ਼ਤਰਾ ਹੋਣ ਦੀ ਗੱਲ ਖ਼ਤਮ ਹੋ ਗਈ।

ਇਨ੍ਹਾਂ ਦੋ ਲੜਾਈਆਂ ਦਾ ਸੰਖੇਪ ਵੇਰਵਾ (ਸਿਰਫ਼ ਨੌਂ ਆਇਤਾਂ) ਦਾਊਦ ਦੀ ਬਾਕੀ ਜ਼ਿੰਦਗੀ ਦੀਆਂ ਸੈਂਕੜੇ ਲੜਾਈਆਂ ਵਾਂਗ, ਸਿਰਫ਼ ਦੋ ਹੋਰ ਯੁੱਧਾਂ ਬਾਰੇ ਦੱਸਦਾ ਪ੍ਰਤੀਤ ਹੁੰਦਾ ਹੈ। ਪਰ ਇਸਰਏਲ

ਲਈ, ਉਹ ਜਿੱਤਾਂ ਇਸ ਗੱਲ ਦਾ ਪ੍ਰਤੀਕ ਸਨ ਕਿ ਖ਼ੁਦਾ ਨੇ ਹੁਣ ਦਾਊਦ ਨੂੰ ਉਨ੍ਹਾਂ ਦਾ ਰਾਜਾ ਬਣਾ ਦਿੱਤਾ ਹੈ, ਅਤੇ ਖ਼ੁਦਾ ਉਨ੍ਹਾਂ ਨੂੰ ਬਰਕਤ ਦੇਵੇਗਾ। ਇਹ ਇਤਿਹਾਸ ਨਿਰਮਾਣ ਦਾ ਸਮਾਂ ਸੀ। ਸੈਂਕੜੇ ਵਰ੍ਹਿਆਂ ਬਾਅਦ ਯਸਾਯਾਹ ਨੇ ਦੁਸ਼ਟਾਂ ਨੂੰ ਸਜ਼ਾ ਦੇਣਾ ਖ਼ੁਦਾ ਦੀ ਗੱਲ ਕਰਦੇ ਲਿਖਿਆਃ

> ਜਿਵੇਂ ਫਰਾਸੀਮ [ਭਾਵ ਬਾਮਾਲ-ਪਰਾਜ਼ੀਮ]
> ਪਰਬਤ ਉੱਤੇ ਹੋਇਆ,
> ਯਹੋਵਾਹ ਉੱਠੇਗਾ, ਜਿਵੇਂ ਗਿਬਓਨ ਦੀ ਦੂਣ ਵਿਚ ਹੋਇਆ,
> ਉਹ ਕੋਪਵਾਨ ਹੋਵੇਗਾ, ਭਈ ਉਹ ਆਪਣਾ ਕੰਮ,
> ਆਪਣਾ ਅਚਰਜ ਕੰਮ ਕਰੇ, ਅਤੇ ਆਪਣੀ ਕਾਰ,
> ਆਪਣੀ ਅਨੋਖੀ ਕਾਰ ਕਰੇ (ਯਸਾਯਾਹ 28ઃ21)।

1 ਇਤਿਹਾਸ 14ઃ17 ਇਨ੍ਹਾਂ ਜਿੱਤਾਂ ਦਾ ਸਬੂਤ ਦਿੰਦਾ ਹੈ, ''ਅਰ ਦਾਊਦ ਦਾ ਨਾਉਂ ਸਾਰਿਆਂ ਦੇਸ਼ਾਂ ਵਿਚ ਪੱਸਰ ਗਿਆ ਅਰ ਯਹੋਵਾਹ ਨੇ ਸਾਰਿਆਂ ਲੋਕਾਂ ਉੱਤੇ ਉਸ ਦਾ ਡਰ ਪਾ ਦਿੱਤਾ।''

ਬੁੱਧਵਾਨ ਆਗੂ ਜਾਣਦੇ ਹਨ ਕਿ ਹਰ ਮੁਸ਼ਕਿਲ ਨੂੰ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੈ। ਸਾਨੂੰ ਪਤਾ ਨਹੀਂ ਹੁੰਦਾ ਕਿ ਜਿਹੜੀਆਂ ਚੁਣੌਤੀਆਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ ਉਨ੍ਹਾਂ ਦੇ ਨਤੀਜੇ ਕਿੰਨੇ ਦੂਰਗਾਮੀ ਅਤੇ ਗੰਭੀਰ ਹੋਣਗੇ।

## ਬੁੱਧਵਾਨ ਆਗੂ ਖੁੱਲ੍ਹ ਕੇ ਤਾਰੀਫ਼ ਕਰਨ ਵਾਲੇ ਹੁੰਦੇ ਹਨ (2 ਸਮੂਏਲ 23:8-39; 1 ਇਤਿਹਾਸ 11:10-12:38)

ਦਾਊਦ ਫ਼ਲਿਸਤੀਨੀਆਂ ਨਾਲ ਇਕੱਲਾ ਨਹੀਂ ਭਿੜਿਆ ਸੀ। ਜੰਗ ਵਿਚ ਉਨ੍ਹਾਂ ਦੀ ਜਿੱਤ ਸਿਰਫ਼ ਇਸ ਲਈ ਨਹੀਂ ਹੋ ਸਕੀ ਕਿ ਖ਼ੁਦਾ ਉਸ ਦੇ ਨਾਲ ਸੀ, ਸਗੋਂ ਖ਼ੁਦਾ ਦੇ ਸਭ ਤੋਂ ਤਕੜੇ ਸੂਰਮਿਆਂ ਵਿੱਚੋਂ ਕੁਝ ਉਸਦੇ ਨਾਲ ਸਨ। ਦਾਊਦ ਨੇ ਇਸ ਗੱਲ ਨੂੰ ਸਮਝਿਆ ਅਤੇ ਜਿਸ ਦੀ ਤਾਰੀਫ਼ ਕਰਨੀ ਚਾਹੀਦੀ ਸੀ ਉਸ ਦੀ ਕੀਤੀ। ਦਾਊਦ ਨੇ 2 ਸਮੂਏਲ ਵਿਚ ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਦਾ (''ਦਾਊਦ ਦੇ ਯੋਧਿਆਂ'' [2 ਸਮੂਏਲ 23ઃ8; 1 ਇਤਿਹਾਸ 11ઃ10]) ਆਪਣੀ ਹਕੂਮਤ ਦੀ ਯੋਜਨਾ ਬਣਾਉਂਦੇ ਜ਼ਿਕਰ 23 ਅਧਿਆਇ ਵਿਚ ਕੀਤਾ ਹੈ। ਇਤਿਹਾਸ ਵਿਚ ਉਨ੍ਹਾਂ ਦਾ ਨਾਮ 11 ਅਤੇ 12 ਆਇਤਾਂ ਵਿਚ ਦਾਊਦ ਦੀ ਹਕੂਮਤ ਦੇ ਸ਼ੁਰੂ ਵਿਚ ਮਿਲਦਾ ਹੈ। 2 ਸਮੂਏਲ ਵਿਚ ਸੈਂਤੀ ਲੋਕਾਂ ਦੀ ਸੂਚੀ ਮਿਲਦੀ ਹੈ। ਇਸ ਤੇ ਵਿਚਾਰ ਕਰੋਃ ਇਹ ਸੂਚੀਆਂ ਕਿਵੇਂ ਬਣ ਗਈਆਂ? ਰਾਜੇ ਦਾਊਦ ਨੇ ਉਨ੍ਹਾਂ ਨੂੰ ਲਿਖਿਆ ਸੀ। ਉਸ ਨੇ ਸੂਚੀ ਵਿਚ ਜ਼ੋਰਾਵਰ ਯੋਧਿਆਂ ਦੇ ਨਾਂਅ ਲਿਖੇ ਸਨ। ਉਸਨੇ ਉਨ੍ਹਾਂ ਦੇ ਕੰਮਾਂ ਦੀ ਤਾਰੀਫ਼ ਕੀਤੀ, ਅਤੇ ਉਹ ਪੀੜ੍ਹੀਆਂ ਤਕ ਉਨ੍ਹਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਦੱਸਣਾ ਚਾਹੁੰਦਾ ਸੀ।

ਬੁੱਧਵਾਨ ਆਗੂ, ਕਲੀਸੀਆ ਵਿਚ ਹੋਣ, ਜਾਂ ਸਥਾਨਕ ਕਲੀਸੀਆ ਵਿੱਚੋਂ ਜਾਂ ਕਲੱਬ ਵਿੱਚੋਂ, ਜਾਣਦੇ ਹਨ ਕਿ ਕਿਸੇ ਨੂੰ ਦਿੱਤੀ ਜਾਣ ਵਾਲੇ ਮਹੱਤਵ ਦੀ ਜ਼ਿਆਦਾ ਲੋੜ ਹੁੰਦੀ ਹੈ। ਮੈਂ ਵਿਖਾਵੇ ਲਈ ਤਾਰੀਫ਼ [ਖੁਸ਼ਾਮਦ ਜਾਂ ਚਾਪਲੂਸੀ ਆਖਿਆ ਜਾਂਦਾ ਹੈ] ਦੀ ਗੱਲ ਨਹੀਂ ਕਰ ਰਿਹਾ; ਮੇਰਾ ਕਹਿਣ ਤੋਂ ਭਾਵ ਕਿਸੇ ਦੇ ਕੰਮ ਦੀ ਸਚਮੁਚ ਤਾਰੀਫ਼ ਕਰਨੀ ਹੈ। ਪੌਲੁਸ ਨੇ ਕਿਹਾ, ''... ਜਿਹ ਨੂੰ ਹਾਲਾ ਚਾਹੀਦਾ ਹਾਲਾ ਦਿਓ, ... ਜਿਹ ਦਾ ਆਦਰ ਚਾਹੀਦਾ ਹੈ ਆਦਰ ਕਰੋ'' (ਰੋਮੀਆਂ 13ઃ7)। ਬੁੱਧਵਾਨ ਆਗੂ ਤਾਰੀਫ਼ ਕਰਨ ਵਿਚ ਅਤੇ ਸੁਲਾਹਣ ਵਿਚ ਹੁੰਦੇ ਹਨ। ਬੁੱਧਵਾਨ ਆਗੂ ਸਭ ਤੋਂ ਪਹਿਲਾਂ ਖ਼ੁਦਾ ਨੂੰ ਆਦਰ ਦਿੰਦੇ ਹਨ, ਫਿਰ ਉਨ੍ਹਾਂ ਨੂੰ ਜਿਨ੍ਹਾਂ ਸਖਤ ਮਿਹਨਤ ਕੀਤੀ ਹੁੰਦੀ ਹੈ। ਉਹ ''ਭਰੱਪਣ ਦੇ ਪ੍ਰੇਮ ਵਿਚ ਇਕ ਦੂਏ ਨਾਲ ਗੂੜ੍ਹਾ ਹਿਤ ਰੱਖਣਾ, ਆਦਰ ਵਿਚ ਦੂਏ ਨੂੰ ਚੰਗਾ ਸਮਝਣਾ'' ਜਾਣਦੇ

ਹਨ (ਰੋਮੀਆਂ 12:10)।

## ਬੁੱਧਵਾਨ ਆਗੂ ਪਰਿਵਾਰ ਦੇ ਮਹੱਤਵ ਨੂੰ ਘੱਟ ਨਹੀਂ ਸਮਝਦੇ (2 ਸਮੂਏਲ 3:2-5, 12-16; 5:13-16; 1 ਇਤਿਹਾਸ 14:3-7)

ਸਾਨੂੰ ਇਸ ਪਾਠ ਵਿਚ ਆਏ ਦਾਊਦ ਦੇ ਪਰਿਵਾਰ ਦੇ ਹਵਾਲਿਆਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। 2 ਸਮੂਏਲ 2:2 ਵਿਚ ਸਾਨੂੰ ਦੱਸਿਆ ਗਿਆ ਹੈ ਕਿ ਦਾਊਦ ਦਾ ਪਰਿਵਾਰ ਉਹਦੇ ਨਾਲ ਰਹਿਣ ਲਈ ਹੈਬਰੋਨ ਵਿਚ ਆਇਆ। 2 ਸਮੂਏਲ 3:1–5 ਇਹ ਦੱਸਣ ਦੇ ਬਾਅਦ ਕਿ ''ਦਾਊਦ ਮਜ਼ਬੂਤ ਹੁੰਦਾ ਗਿਆ,'' ਸਬੂਤ ਦਿੱਤਾ ਗਿਆ ਹੈ ਕਿ ''ਹੈਬਰੋਨ ਵਿਚ ਦਾਊਦ ਦੇ ਪੁੱਤਰ ਪੈਦਾ ਹੋਏ।''[41] ਦਾਊਦ ਵੱਲੋਂ ਯਰੂਸ਼ਲਮ ਨੂੰ ਰਾਜਧਾਨੀ ਬਣਾ ਲੈਣ ਦੇ ਬਾਅਦ, ਸਾਨੂੰ ਉਸ ਦੇ ਪਰਿਵਾਰ ਬਾਰੇ ਦੱਸਿਆ ਗਿਆ ਹੈ: ''ਅਤੇ ਉਸ ਦੇ ਹੋਰ ਵੀ ਧੀਆਂ ਅਤੇ ਪੁੱਤਰ ਹੋਏ'' (ਤੁਲਨਾ 2 ਸਮੂਏਲ 5:13; ਵੇਖੋ 1 ਇਤਿਹਾਸ 14:3)।[42] ਸਾਫ਼ ਤੌਰ ਤੇ ਖ਼ੁਦਾ ਦੀ ਪ੍ਰੇਰਣਾ ਪਾਏ ਲੇਖਕ ਨੇ ਸਮਝਿਆ ਕਿ ਦਾਊਦ ਦਾ ਪਰਿਵਾਰ ਮਹੱਤਵਪੂਰਣ ਹੈ।

ਪਰਿਵਾਰ ਅਗੂਆਂ ਨੂੰ ਬਣਾ ਵੀ ਸਕਦੇ ਹਨ ਅਤੇ ਵਿਗਾੜ ਵੀ। ਜਿਵੇਂ ਕਿ ਅਸੀਂ ਅੱਗੇ ਵੇਖਾਂਗੇ, ਬਾਅਦ ਵਿਚ ਬਾਦਸ਼ਾਹ ਹੋਣ ਕਰਕੇ ਦਾਊਦ ਦੀਆਂ ਜ਼ਿੰਮੇਵਾਰੀਆਂ ਏਨੀਆਂ ਵਧ ਗਈਆਂ ਕਿ ਉਸ ਨੇ ਆਪਣੇ ਪਰਿਵਾਰ ਨੂੰ ਨਜ਼ਰਅੰਦਾਜ਼ ਕਰ ਦਿੱਤਾ (1 ਰਾਜਿਆਂ 1:6) ਅਤੇ ਉਸਨੂੰ ਉਸ ਦੀ ਕੀਮਤ ਵੀ ਚੁਕਾਉਣੀ ਪਈ। ਜਦੋਂ ਬੁੱਧਵਾਨ ਆਗੂ ਪਹਿਲ ਦੇ ਅਧਾਰ ਤੇ ਕੰਮ ਕਰਦੇ ਹਨ, ਤਾਂ ਉਹ ਆਪਣੇ ਪਰਿਵਾਰਾਂ ਦੀ ਬੇਪਰਵਾਹੀ ਨਹੀਂ ਕਰਦੇ।[43]

## ਬੁੱਧਵਾਨ ਆਗੂ ਆਪਣੇ ਪੈਰੋਕਾਰਾਂ ਨੂੰ ਸ਼ਾਮਿਲ ਕਰਦੇ ਹਨ (2 ਸਮੂਏਲ 6:1, 2; 1 ਇਤਿਹਾਸ 13:1-4)

ਸਾਡਾ ਅਗਲਾ ਅਧਿਐਨ ਯਰੂਸ਼ਲਮ ਵਿਚ ਸੰਦੂਕ ਲਿਆਉਣ ਦੀਆਂ ਦਾਊਦ ਦੀਆਂ ਕੋਸ਼ਿਸ਼ਾਂ ਨਾਲ ਸ਼ੁਰੂ ਹੋਵੇਗਾ। ਲੀਡਰਸ਼ਿਪ ਦੇ ਦੋ ਹੋਰ ਤੱਥ ਉਸ ਘਟਨਾ ਵਿਚ ਵੇਖੇ ਜਾ ਸਕਦੇ ਹਨ। ਇਤਿਹਾਸ ਦੀ ਕਿਤਾਬ ਦੇ ਲੇਖਕ ਨੇ ਦੱਸਿਆ ਕਿ ਦਾਊਦ ਨੇ ਕਿਵੇਂ ਸਿਆਣਪ ਨਾਲ ਇਸ ਗੱਲ ਨੂੰ ਲੋਕਾਂ ਤਕ ਪੁਚਾਇਆ:

> ਦਾਊਦ ਨੇ ਹਜ਼ਾਰਾਂ ਤੇ ਸੈਂਕੜਿਆਂ ਦੇ ਸਰਦਾਰਾਂ ਸਗੋਂ ਸਾਰੇ ਹਾਕਮਾਂ ਨਾਲ ਸਲਾਹ ਕੀਤੀ। ਅਤੇ ਦਾਊਦ ਨੇ ਇਸਰਾਏਲ ਦੀ ਸਾਰੀ ਸਭਾ ਨੂੰ ਆਖਿਆ ਕਿ ਜੇ ਤੁਹਾਨੂੰ ਚੰਗਾ ਲੱਗੇ ਅਤੇ ਜੇ ਏਹ ਯਹੋਵਾਹ ਸਾਡੇ ਪਰੇਮਸ਼ੁਰ ਵੱਲੋਂ ਹੋਵੇ ਤਾਂ ਅਸੀਂ ਇਸਰਾਏਲ ਦੇ ਸਾਰੇ ਦੇਸ਼ ਵਿਚ ਆਪਣੇ ਰਹਿੰਦੇ ਭਰਾਵਾਂ ਦੇ ਕੋਲ ਅਤੇ ਉਨ੍ਹਾਂ ਦੇ ਨਾਲ ਜਾਜਕਾਂ ਤੇ ਲੇਵੀਆਂ ਦੇ ਕੋਲ ਉਨ੍ਹਾਂ ਦੇ ਸ਼ਹਿਰਾਂ ਤੇ ਉਨ੍ਹਾਂ ਦੀਆਂ ਸ਼ਾਮਲਾਤਾਂ ਵਿਚ ਹਰ ਥਾਂ ਲੋਕ ਭੇਜ ਕੇ ਉਨ੍ਹਾਂ ਨੂੰ ਸੱਦ ਘੱਲੀਏ ਜੋ ਓਹ ਸਾਡੇ ਕੋਲ ਇਕੱਠੇ ਹੋਣ। ਅਰ ਅਸੀਂ ਆਪਣੇ ਪਰਮੇਸ਼ੁਰ ਦਾ ਸੰਦੂਕ ਆਪਣੇ ਕੋਲ ਇੱਥੇ ਮੋੜ ਲਿਆਈਏ ਕਿਉਂ ਜੋ ਅਸੀਂ ਸ਼ਾਊਲ ਦਿਆਂ ਦਿਨਾਂ ਵਿਚ ਉਸ ਦੀ ਖੋਜ ਨਾ ਕੀਤੀ। ਤਾਂ ਸਾਰੀ ਸਭਾ ਨੇ ਆਖਿਆ ਭਈ ਅਸੀਂ ਏਵੇਂ ਕਰਾਂਗੇ ਕਿਉਂ ਜੋ ਏਹ ਗੱਲ ਸਭ ਲੋਕਾਂ ਦੀ ਦ੍ਰਿਸ਼ਟੀ ਵਿਚ ਚੰਗੀ ਸੀ (1 ਇਤਿਹਾਸ 13:1–4)।

''ਆਖਿਆ'' ਅਤੇ ''ਜੇ ਤੁਹਾਨੂੰ ਇਹ ਚੰਗਾ ਲੱਗੇ'' ਸ਼ਬਦਾਂ ਉੱਤੇ ਵਿਚਾਰ ਕਰੋ; ਫਿਰ ਉਨ੍ਹਾਂ ਦੇ ਜਵਾਬ ਉੱਤੇ ਧਿਆਨ ਦਿਓ: ''ਸਾਰੀ ਸਭਾ ਨੇ ਆਖਿਆ ਭਈ ਅਸੀਂ ਏਵੇਂ ਕਰਾਂਗੇ ਕਿਉਂ ਜੋ ਏਹ ਗੱਲ ਸਭ ਲੋਕਾਂ ਦੀ ਦ੍ਰਿਸ਼ਟੀ ਵਿਚ ਚੰਗੀ ਸੀ।'' ਬਾਦਸ਼ਾਹ ਦੇ ਰੂਪ ਵਿਚ ਦਾਊਦ ਨੂੰ ਆਪਣੇ ਮਨ ਦੇ ਅਨੁਸਾਰ ਕਰਨ ਦੀ ਛੋਟ ਸੀ। ਪਰ ਦਾਊਦ ਦੀ ਨਜ਼ਰ ਵਿਚ ਸੰਦੂਕ ਨੂੰ ਯਰੂਸ਼ਲਮ ਵਿਚ ਲਿਆਉਣਾ ਏਨਾ ਮਹੱਤਵਪੂਰਣ ਸੀ ਕਿ ਉਸ ਨੇ ਆਪਣੀ ਇੱਛਾ ਨੂੰ ਲੋਕਾਂ ਉੱਤੇ ਥੋਪਣਾ ਨਹੀਂ ਚਾਹਿਆ। ਉਸ ਨੇ

ਇਸ ਬਾਰੇ ਉਨ੍ਹਾਂ ਦੇ ਵਿਚਾਰ ਪੁੱਛੇ। ਉਸ ਨੇ ਇਸ ਨੂੰ ''ਰਾਜੇ ਦੀ ਯੋਜਨਾ'' ਦੇ ਬਜਾਇ ਇਸਰਾਏਲ ਦੀ ਯੋਜਨਾ ਬਣਾਇਆ। ਬੁੱਧਵਾਨ ਲੋਕਾਂ ਲਈ ਜ਼ਰੂਰੀ ਹੈ ਕਿ ਉਹ ਲੋਕਾਂ ਦੀ ਸੁਣਨ ਅਤੇ ਸਮਝਣ।

## ਬੁੱਧਵਾਨ ਆਗੂ ਰੂਹਾਨੀ ਮਾਮਲਿਆਂ ਨੂੰ ਪਹਿਲ ਦਿੰਦੇ ਹਨ

1 ਇਤਿਹਾਸ 13:1–4 ਵਿਚ ਸੰਦੂਕ ਨੂੰ ਯਰੂਸ਼ਲਮ ਵਿਚ ਲਿਆਉਣ ਨੂੰ ਦਿੱਤੇ ਮਹੱਤਵ ਉੱਤੇ ਧਿਆਨ ਦਿਓ। ਦਾਊਦ ਨੇ ਹੁਣ ਤਕ ਜੋ ਵੀ ਕੀਤਾ ਸੀ, ਉਹ ਮਕਸਦ ਤਕ ਜਾਣ ਦਾ ਇਕ ਸਾਧਨ ਸੀ। ਅਤੇ ਉਹ ਮਕਸਦ ਇਸਰਾਏਲ ਦੇ ਲੋਕਾਂ ਨੂੰ ਯਹੋਵਾਹ ਦੇ ਨੇੜੇ ਲਿਆਉਂਦਾ ਸੀ। ਇਤਿਹਾਸ ਦੇ ਲੇਖਕ ਅਨੁਸਾਰ ਯਰੂਸ਼ਲਮ ਨੂੰ ਆਪਣੀ ਰਾਜਧਾਨੀ[44] ਬਣਾਉਣ ਦੇ ਬਾਅਦ *ਪਹਿਲਾ* ਕੰਮ ਸੰਦੂਕ ਨੂੰ ਵਾਪਸ ਲਿਆਉਣ ਦੀ ਯੋਜਨਾ ਬਣਾਉਣਾ ਸੀ। ਬੁੱਧਵਾਨ ਆਗੂ ਰੂਹਾਨੀ ਗੱਲਾਂ ਨੂੰ ਪਹਿਲ ਦਿੰਦਾ ਹੈ।

## ਸਾਰ

ਮੈਨੂੰ ਉਮੀਦ ਹੈ ਕਿ ਯਹੂਦਾ ਦੇ ਕਬੀਲੇ ਵੱਲੋਂ ਬਾਦਸ਼ਾਹ ਬਣਾਉਣ ਦੇ ਬਾਅਦ ਉਸ ਦੀ ਸ਼ੁਰੂਆਤ ਤੋਂ ਤੁਸੀਂ ਪ੍ਰਭਾਵਿਤ ਹੋਏ ਹੋ। ਇਨ੍ਹਾਂ ਆਇਤਾਂ ਨੂੰ ਬਾਰ ਬਾਰ ਪੜ੍ਹਦੇ ਸਮੇਂ ਮੇਰੀ ਦੁਆ ਸੀ ਕਿ ''ਹੇ ਖ਼ੁਦਾ, ਜਦ ਵੀ ਤੂੰ ਮੈਨੂੰ ਆਗੂ ਬਣਾਵੇਂ, ਤਾਂ ਮੈਨੂੰ ਉਹੀ ਬੁੱਧ ਦੇਣਾ ਜਿਹੜੀ ਆਪਣੀ ਹਕੂਮਤ ਦੇ ਸ਼ੁਰੂਆਤੀ ਦਿਨਾਂ ਵਿਚ ਦਾਊਦ ਨੇ ਵਿਖਾਈ ਸੀ।''

ਪਰ ਕਿਉਂਕਿ ਹੁਣ ਸਾਡੇ ਵਿੱਚੋਂ ਬਹੁਤ ਲੋਕ ਪਿੱਛੇ ਚੱਲਣ ਵਾਲੇ ਹੁੰਦੇ ਹਨ, ਇਸ ਲਈ ਮੈਂ ਇਹ ਜ਼ੋਰ ਦੇਣਾ ਚਾਹਾਂਗਾ[45] ਕਿ ਚੰਗੀ ਲੀਡਰਸ਼ਿਪ ਵਾਂਗ ਚੰਗੀ ਸੰਗਤੀ ਭਾਵ ਪਿੱਛੇ ਚੱਲਣ ਵਾਲੇ ਹੋਣ ਦਾ ਵੀ ਉਨ੍ਹਾਂ ਦੀ ਮਹੱਤਵ ਹੈ। ਸਾਨੂੰ ਦੁਆ ਕਰਨੀ ਚਾਹੀਦੀ ਹੈ ਕਿ ਖ਼ੁਦਾ ਸਾਨੂੰ ਅਜਿਹੇ ਆਗੂ ਬਖ਼ਸ਼ੇ, ਜਿਹੜੇ ਉਸ ਨੂੰ ਵਡਿਆਈ ਦੇਣ ਵਾਲੇ ਹੋਣ, ਅਤੇ ਸਾਨੂੰ ਉਨ੍ਹਾਂ ਅਗੂਆ ਲਈ ਜਿਹੜੇ ਪਹਿਲਾਂ ਹੀ ਹਨ, ਦੁਆ ਕਰਨੀ ਚਾਹੀਦੀ ਹੈ।[46] ਫਿਰ ਸਾਨੂੰ ਅਜਿਹੇ ਮਗਰ ਚੱਲਣ ਵਾਲੇ ਬਣਨ ਦਾ ਫ਼ੈਸਲਾ ਕਰਨਾ ਚਾਹੀਦਾ ਹੈ, ਜਿਸ ਨਾਲ ਸਾਡੇ ਆਗੂ ਵਧੀਆ ਨਤੀਜੇ ਦੇ ਸਕਣ।[47]

''ਐ ਖ਼ੁਦਾ ਸਾਨੂੰ ਬੁੱਧਵਾਨ ਆਗੂ ਦੇ ਅਤੇ ਸਾਨੂੰ ਵਫ਼ਾਦਰ ਮਗਰ ਚੱਲਣ ਵਾਲੇ ਬਣਾ!''

---

ਟਿੱਪਣੀਆਂ

[1]ਡਬਲਯੂ. ਫਿੱਲਿਪ ਕੈਲਰ, *ਡੇਵਿਡ ਦ ਸ਼ੈਫਰਡ ਕਿੰਗ* (ਵੈਕੋ, ਟੈਕਸਸ: ਵਰਡ, 1986), 15. [2]ਇਹ ਦੂਜੀ ਵਾਰ ਦਾਊਦ ਦਾ ਮਸਹ ਕੀਤਾ ਜਾਣਾ ਸੀ। [3]ਜਦ ਬਿਨਯਾਮੀਨ ਦੇ ਕਬੀਲੇ ਵਿਚ ਸਿਰਫ਼ ਛੇ ਸੌ ਪੁਰਖ ਰਹਿ ਗਏ ਤਾਂ ਉਨ੍ਹਾਂ ਵਿੱਚੋਂ ਚਾਰ ਸੌ ਨੇ ਯਾਬੇਸ਼–ਗਿਲਆਦ ਦੀਆਂ ਕੁਆਰੀਆਂ ਵਿੱਚੋਂ ਆਪਣੇ ਲਈ ਪਤਨੀਆਂ ਕਰ ਕੇ ਲਈਆਂ (ਨਿਆਈਆਂ 21:8–14)। ਇਸ ਦੇ ਇਲਾਵਾ, ਆਪਣੀ ਹਕੂਮਤ ਦੇ ਸ਼ੁਰੂਆਤੀ ਦਿਨਾਂ ਵਿਚ ਸ਼ਾਊਲ ਨੇ ਅਮੋਨੀਆਂ ਵੱਲੋਂ ਉਨ੍ਹਾਂ ਨੂੰ ਗੁਲਾਮ ਬਣਾਉਣ ਅਤੇ ਉਨ੍ਹਾਂ ਦੀਆਂ ਅੱਖਾਂ ਕੱਢਣ ਦੀ ਧਮਕੀ ਦੇ ਸਮੇਂ ਯਾਬੇਸ਼–ਗਿਲਿਆਦ ਦੇ ਲੋਕਾਂ ਨੂੰ ਛੱਡ ਦਿੱਤਾ ਸੀ (1 ਸਮੂਏਲ 11:1–11)। [4]ਦਫ਼ਨਾਉਣ ਤੋਂ ਪਹਿਲਾਂ ਉਨ੍ਹਾਂ ਦੀਆਂ ਲਾਸ਼ਾਂ ਸਾੜ ਦਿੱਤੀਆਂ ਗਈਆਂ (1 ਸਮੂਏਲ 31:12)। ਲਾਸ਼ਾਂ ਪੂਰੀ ਤਰ੍ਹਾਂ ਸੜੀਆਂ ਨਹੀਂ ਸਨ; ਬਾਅਦ ਵਿਚ ਦਾਊਦ ਉਨ੍ਹਾਂ ਦੀਆਂ ਹੱਡੀਆਂ ਲੈ ਗਿਆ ਸੀ (2 ਸਮੂਏਲ 21:12–14)। ਅਜਿਹਾ ਉਨ੍ਹਾਂ ਨੇ ਸਫ਼ਾਈ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂ ਸਥਾਨਕ ਰਵਾਇਤ ਅਨੁਸਾਰ ਪਰ ਯਹੂਦੀਆਂ ਦੀ ਅਜਿਹੀ ਕੋਈ ਰੀਤ ਨਹੀਂ ਸੀ। [5]ਯੋਨਾਥਾਨ ਨਾਲ ਕੀਤਾ ਗਿਆ ਦਾਊਦ ਦਾ ਵਾਅਦਾ ਈਸ਼ਬੋਸ਼ਥ ਨਾਲ ਕੀਤੇ ਗਏ ਵਿਹਾਰ ਦੇ ਪੂਰੇ ਹੋਣ ਦੇ ਧਿਆਨ ਦਿਓ। [6]ਵੇਖੋ ਜ਼ਬੂਰ 133:1. ਏਕਤਾ ਜ਼ਰੂਰੀ ਹੈ, ਪਰ ਐਨੀ ਵੀ ਨਹੀਂ ਕਿ ਸ਼ੁੱਧਤਾ ਅਤੇ ਵਫ਼ਾਦਾਰੀ ਨੂੰ ਛੱਡ ਦਿੱਤਾ ਜਾਵੇ (ਯਾਕੂਬ 3:17; ਮੱਤੀ 10:34), ਇਨ੍ਹਾਂ ਉਦੇਸ਼ਾਂ ਤੋਂ ਵੱਖ ਨਹੀਂ ਕੀਤਾ

ਜਾ ਸਕਦਾ। [7]ਦਾਊਦ ਨੇ ਅਬਨੇਰ ਦੀ ਤਾਰੀਫ਼ ਆਪਣੇ ਜਰਨੈਲ ਯੋਆਬ ਨਾਲੋਂ ਵੱਧ ਕੀਤੀ ਸੀ (1 ਰਾਜਿਆਂ 2:32)। [8]2 ਸਮੂਏਲ 3:9, 10, 18 ਉੱਤੇ ਧਿਆਨ ਦਿਓ। ਸ਼ਾਊਲ ਨੂੰ ਦੋ ਵਾਰ ਛੱਡ ਦੇਣ ਅਤੇ ਸ਼ਾਊਲ ਵੱਲੋਂ ਦਾਊਦ ਨੂੰ ਅਗਲਾ ਬਾਦਸ਼ਾਹ ਮੰਨਣ ਵੇਲੇ ਅਬਨੇਰ ਉੱਥੇ ਹੀ ਸੀ (1 ਸਮੂਏਲ 24; 26). [9]ਅਬਨੇਰ ਸ਼ਾਊਲ ਦਾ ਚਾਚਾ ਜਾਂ ਚਚੇਰਾ ਭਰਾ ਸੀ (1 ਸਮੂਏਲ 14:50, 51)। [10]ਦਾਊਦ ਦੀ ਫੌਜ ਦੇ ਆਗੂ ਦੇ ਰੂਪ ਵਿਚ ਯੋਆਬ ਦਾ ਪਹਿਲੀ ਵਾਰ ਜ਼ਿਕਰ 2 ਸਮੂਏਲ 2:13 ਵਿਚ ਆਉਂਦਾ ਹੈ।


[11]ਸ਼ਾਊਲ ਦੀ ਛਾਉਣੀ ਵਿਚ ਜਾਣ ਦੇ ਸਮੇਂ ਅਬੀਸ਼ੈ ਦਾਊਦ ਦੇ ਨਾਲ ਸੀ; ਉਹ ਸ਼ਾਊਲ ਨੂੰ ਮਾਰ ਸੁੱਟਣਾ ਚਾਹੁੰਦਾ ਸੀ। [12]ਉਹ ਦਾਊਦ ਦੀ ਭੈਣ ਸਰੂਯਾਹ ਦੇ ਪੁੱਤਰ ਸਨ। [13]ਯੋਆਬ ਦੇ 20 ਅਤੇ ਅਬਨੇਰ ਦੇ 360 ਆਦਮੀ ਮਾਰੇ ਗਏ ਸਨ (2 ਸਮੂਏਲ 2:31)। [14]NEB ਵਿਚ ਵੇਖੋ, ''ਅਬਨੇਰ ਨੇ ਭਾਲੇ ਦੀ *ਪਿਛਾੜੀਓਂ* ਉਸ ਦੇ ਪੇਟ ਵਿਚ ਮਾਰਿਆ'' (2 ਸਮੂਏਲ 2:23)। ਹੋ ਸਕਦਾ ਹੈ ਕਿ ਅਬਨੇਰ ਨੇ ਅਚਾਨਕ ਆਪਣੇ ਬਰਛੇ ਦਾ ਬੱਟ ਜ਼ਮੀਨ ਵਿਚ ਗੱਡਿਆ ਹੋਵੇ ਅਤੇ ਤੇਜ਼ੀ ਨਾਲ ਆਉਣ ਕਾਰਨ ਅਸਾਹੇਲ ਬਰਛੇ ਤੇ ਡਿੱਗ ਗਿਆ ਹੋਵੇ, ਜਿਸ ਕਰਕੇ ਬਰਛਾ ਉਹਦੇ ਆਰ ਪਾਰ ਹੋ ਗਿਆ। [15]2 ਸਮੂਏਲ ਦੀ ਕੁਝ ਸਮੱਗਰੀ ਕਾਲਕ੍ਰਮ ਦੀ ਬਜਾਇ ਵਿਸ਼ੇ ਮੁਤਾਬਿਕ ਲਈ ਗਈ ਹੈ, ਜਿਸ ਕਾਰਨ ਇਹ ਪਤਾ ਲਗ ਪਾਉਣਾ ਅਸੰਭਵ ਹੈ ਕਿ ਕਿਹੜੀ ਘਟਨਾ ਪਹਿਲਾਂ ਵਾਪਰੀ। ਈਸ਼ਬੋਸ਼ਥ ਦਾਊਦ ਦੇ ਪੂਰੇ ਇਸਰਾਏਲ ਉੱਤੇ ਰਾਜਾ ਬਣਨ ਤੋਂ ਪਹਿਲਾਂ ਠੀਕ ਦੋ ਸਾਲ ਹਕੂਮਤ ਕਰਕੇ ਮਰ ਗਿਆ ਸੀ, ਇਸ ਲਈ ਦਾਊਦ ਦੇ ਸਿਰਫ਼ ਯਹੂਦਾ ਉੱਤੇ ਰਾਜਾ ਹੋਣ ਦੇ ਆਖ਼ਰੀ ਦੋ ਸਾਲਾਂ ਵਿਚ ਉਹ ਰਾਜਾ ਸੀ। [16]ਗਿਲਆਦੀ ਨਗਰ ਹੈਬਰੋਨ ਤੋਂ ਲਗਭਗ ਪੰਜਾਹ ਮੀਲ (ਅੱਸੀ ਕਿਲੋਮੀਟਰ) ਯਰਦਨ ਦੇ ਪਾਰ ਸੀ। [17]ਈਸ਼ਬੋਸ਼ਥ ਦਾ ਸ਼ਬਦੀ ਅਰਥ ''ਲਾਜ ਦਾ ਪੁੱਤਰ'' ਹੈ। ਇਹ ਉਸ ਨੂੰ ਦਿੱਤਾ ਗਿਆ ਅਪਮਾਨਜਨਕ ਉਪਨਾਮ ਹੋ ਸਕਦਾ ਹੈ, ਜਾਂ ਸ਼ਾਇਦ ਕਾਫ਼ਿਰਾਂ ਦੇ ਦੇਵਤੇ ਪ੍ਰਤੀ ਆਪਣੀ ਨਫ਼ਰਤ ਦੇ ਕਾਰਣ, ਬਾਅਦ ਵਿਚ ਲੇਖਕਾਂ ਨੇ ''ਬਆਲ'' ਦਾ ਨਾਮ ''ਲਾਜ'' ਰੱਖ ਦਿੱਤਾ। [18]1 ਇਤਿਹਾਸ 8:33. ''ਅਸ਼ਬਆਲ'' ਦਾ ਅਰਥ ਹੈ ''ਬਆਲ ਦਾ ਪੁੱਤਰ'' ਜਿਸਦਾ ਅਰਥ ''ਪ੍ਰਭੂ ਦਾ ਬੰਦਾ'' ਹੋ ਸਕਦਾ ਹੈ। ''ਪ੍ਰਭੂ'' ਸੰਭਵ ਹੈ ਯਹੋਵਾਹ ਨੂੰ ਕਿਹਾ ਗਿਆ ਹੋਵੇਗਾ। [19]ਈਸ਼ਬੋਸ਼ਥ ਦਾ ਆਖ਼ਰੀ ਜ਼ਿਕਰ 1 ਇਤਿਹਾਸ 8:22 ਵਿਚ ਮਿਲਦਾ ਹੈ। ਸ਼ਾਊਲ ਦੇ ਬਾਕੀ ਦੋ ਪੁੱਤਰਾਂ ਦੇ ਨਾਮ 2 ਸਮੂਏਲ 21:8 ਵਿਚ ਮਿਲਦੇ ਹਨ। [20]ਇਬਰਾਨੀ ਲਿਖਤ ਵਿਚ ਇਹ ਨਹੀਂ ਦੱਸਿਆ ਗਿਆ ਕਿ ਅਬਨੇਰ ਦੋਸ਼ੀ ਸੀ ਜਾਂ ਨਹੀਂ। ਕੁਝ ਅਨੁਵਾਦਾਂ ਵਿਚ ਸਪਤਤੀ ਅਨੁਵਾਦਾਂ ਦੀ ਨਕਲ ਕਰਦੇ ਹੋਏ ਆਇਤ 7 ਵਿਚ ਜੋੜਿਆ ਗਿਆ ਹੈ: ''ਅਤੇ ਅਬਨੇਰ ਨੇ ਉਸ ਨੂੰ ਲੈ ਲਿਆ।''

[21]ਦਾਊਦ ਦੀ ਸ਼ਰਤ ਸੀ, ਜੋ ਬੜੀ ਅਜੀਬ ਸੀ, ਕਿ ਉਹਦੀ ਪਤਨੀ ਮੀਕਲ ਉਸ ਨੂੰ ਵਾਪਸ ਕੀਤੀ ਜਾਵੇ। ''ਦਾਊਦ ਦੀ ਬੇਨਤੀ ਅਤੇ ਮੀਕਲ'' ਉੱਤੇ ਵਾਧੂ ਲੇਖ ਵੇਖੋ। [22]ਸ਼ਾਇਦ ਦਾਊਦ ਦੇ ਪੁੱਤਰ ਸੁਲੇਮਾਨ ਦੇ ਮਨ ਵਿਚ ਕਹਾਉਤਾਂ 25:21 ਲਿਖਣ ਵੇਲੇ ਇਹੀ ਮੌਕਾ ਹੋਵੇਗਾ। [23]ਇਕ ਪ੍ਰਸਿੱਧ ਅਪਵਾਦ 2 ਸਮੂਏਲ 10:12 ਹੈ। [24]ਅਬਨੇਰ ਦੇ ਕਤਲ ਵਿਚ ਅਬੀਸ਼ਈ ਦਾ ਹੱਥ ਸੀ (2 ਸਮੂਏਲ 3:30)। [25]ਇਹ ਸੰਭਵ ਹੈ ਕਿ ਅਬਨੇਰ ਦੇ ਕਤਲ ਦੇ ਪਿੱਛੇ ਅਬੀਸ਼ਈ ਦੇ ਕਈ ਮਕਸਦ ਹੋਣਗੇ। ਪਰ 2 ਸਮੂਏਲ 30:27, 30 ਅਨੁਸਾਰ ਯੋਆਬ ਦਾ ਮੁੱਖ ਮਕਸਦ ਬਦਲਾ ਲੈਣਾ ਸੀ। [26]ਇਸਦਾ ਅਰਥ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦ ਦਾਊਦ ਯਰੂਸ਼ਲਮ ਉੱਤੇ ਕਬਜ਼ਾ ਕਰਨ ਲਈ ਗਿਆ ਤਾਂ ਜਰਨੈਲ ਦਾ ਅਹੁਦਾ ਖਾਲੀ ਸੀ (1 ਇਤਿਹਾਸ 11:6)। [27]ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਅੰਤ ਯੋਆਬ ਮਾਰਿਆ ਗਿਆ ਸੀ। ਉਸ ਦਾ ਇਕ ਜ਼ੁਰਮ ਅਬਨੇਰ ਦਾ ਕਤਲ ਕਰਨਾ ਸੀ (1 ਰਾਜਿਆਂ 2:28–34)। [28]ਟਾਟ ਸੋਗ ਜਾਂ ਪਛਤਾਵਾ ਵਿਖਾਉਣ ਲਈ ਬੋਰੀ ਤੋਂ ਬਣੇ ਵਸਤਰ ਨੂੰ ਕਿਹਾ ਜਾਂਦਾ ਸੀ। ਉਨ੍ਹਾਂ ਦਾ ਕੰਮ ਬਦਲਾ ਲੈਣ ਲਈ ਕੀਤਾ ਗਿਆ ਹੋ ਸਕਦਾ ਹੈ। ਬਾਅਦ ਵਿਚ ਸਾਨੂੰ ਦੱਸਿਆ ਗਿਆ ਹੈ ਕਿ ਭਰਾ ਗਿਬਓਨੀ ਨਗਰ ਬੇਰੋਤ ਤੋਂ ਸਨ (ਯਹੋਸ਼ੁਆ 9:17; 18:25)। [29]ਜੋ ਬਿਨਯਾਮੀਨ ਦੇ ਕਬੀਲੇ ਨੂੰ ਮਿਲਿਆ ਸੀ। [30]RSV ਵਿਚ ਸਪਤਤੀ ਅਨੁਵਾਦ ਦੀ ਨਕਲ ਕਰਦੇ ਹੋਏ, 2 ਸਮੂਏਲ 4:6 ਦਾ ਅਨੁਵਾਦ ''ਅਤੇ ਵੇਖੋ, ਘਰ ਦੀ ਦੁਆਰਪਾਲਨ ਕਣਕ ਚੁਣ ਰਹੀ ਸੀ, ਪਰ ਉਸ ਨੂੰ ਝਪਕੀ ਆ ਗਈ ਸੀ ਅਤੇ ਉਹ ਸੌਂ ਗਈ; ਸੋ ਰੇਕਾਬ ਅਤੇ ਉਸਦਾ ਭਾਈ ਬਾਨਾ ਚੁੱਪਚਾਪ ਘਰ

ਵਿਚ ਵੜ ਆਏ।''

[31]ਦਾਊਦ ਦਾ ਮੰਨਣਾ ਸੀ ਕਿ ਕਮਜ਼ੋਰ ਹੋਣ ਦੇ ਬਾਵਜੂਦ ਈਸ਼ਬੋਸ਼ਥ ਬੁਨਿਆਦੀ ਤੌਰ ਤੇ ਇਕ ਭਲਾ ਆਦਮੀ ਸੀ। [32]ਇਹ ਦਾਊਦ ਦਾ ਤੀਜੀ ਵਾਰ ਮਸਹ ਸੀ। [33]ਬਾਈਬਲ ਦੱਸਦੀ ਹੈ ਕਿ ਹੈਬਰੋਨ ਵਿਚ ਆਉਣ ਵਾਲਿਆਂ ਦੀ ਗਿਣਤੀ 340,000 ਸੀ, ਜਿਸ ਨੂੰ ਨਾ ਮੰਨਣ ਦਾ ਕੋਈ ਕਾਰਨ ਨਹੀਂ ਹੈ। ਪਰ ਇਹ ਸੰਭਵ ਹੈ ਕਿ ਉਸ ਦੇ ਨੁਮਾਇੰਦੇ ਹੀ ਆਏ ਹੋਣ। ਜੋ ਵੀ ਹੋਵੇ ਪਰ ਭੀੜ ਕਾਫ਼ੀ ਸੀ। [34]ਉਤਪਤ 14:18 ਤੋਂ। ''ਸਾਲੇਮ'' ''ਯਰੂਸ਼ਲਮ'' ਦਾ ਸੰਖੇਪ ਰੂਪ ਸੀ (ਵੇਖੋ ਜ਼ਬੂਰ 76:2)। [35]ਯਰੂਸ਼ਲਮ ਨੂੰ ਕਦੀ ਕਦੀ ''ਯਬੂਸ'' ਵੀ ਕਿਹਾ ਜਾਂਦਾ ਸੀ (ਨਿਆਈਆਂ 19:10; 1 ਇਤਿਹਾਸ 11:4)। [36]ਦਾਊਦ ਵੱਲੋਂ ਕਬਜਾ ਕਰਨ ਦੇ ਸਮੇਂ ਯਰੂਸ਼ਲਮ ਦੇ ਸਿਰਫ਼ ਅੱਠ ਜਾਂ ਦਸ ਏਕੜ ਤੇ ਹੀ ਕਬਜਾ ਹੋਇਆ ਸੀ। ''ਮਿੱਲੋ'' ਸ਼ਬਦ ਉੱਤੇ ਧਿਆਨ ਦਿਓ (2 ਸਮੂਏਲ 5:6); ਇਹ ਇਕ ਇਬਰਾਨੀ ਕਿਰਿਆ ਤੋਂ ਲਿਆ ਗਿਆ ਹੈ ਜਿਸਦਾ ਅਰਥ ''ਭਰਨਾ'' ਹੈ। ਇਹ ਜ਼ਮੀਨ ਜਾਂ ਪੱਥਰਾਂ ਵਿੱਚੋਂ ਕੋਈ ਵੀ ਹੋ ਸਕਦਾ ਹੈ, ਜਿਸ ਨਾਲ ਹੋਰ ਵਿਸਥਾਰ ਹੋ ਸਕੇ। NIV ਵਿਚ ਇਸ ਦਾ ਅਨੁਵਾਦ ''ਸਹਾਰਾ ਦੇਣ ਲਈ ਟੈਰੇਸ'' ਹੈ। [37]ਜਿੱਥੋਂ ਤਕ ਅਸੀਂ ਜਾਣਦੇ ਹਾਂ, ਦਾਊਦ ਬਾਰੇ ਇਹ ਸ਼ਬਦ ਇਵੇਂ ਹੀ ਨਹੀਂ ਕਹੇ ਗਏ ਸਨ, ਪਰ ਕਿਉਂਕਿ ਸ਼ਾਊਲ ਨੇ ਉਸ ਹੁਕਮ ਨੂੰ ਪੂਰਾ ਨਹੀਂ ਕੀਤਾ, ਇਸ ਲਈ ਇਹ ਸ਼ਬਦ ਸ਼ਾਊਲ ਦੀ ਜਗ੍ਹਾ ਤੇ ਆਉਣ ਵਾਲੇ ਕਿਸੇ ਲਈ ਵੀ ਖਰੇ ਉੱਤਰਦੇ ਹਨ। [38]1 ਇਤਿਹਾਸ 14:9 ਕਹਿੰਦਾ ਹੈ ਕਿ ਫ਼ਲਿਸਤੀਨੀਆਂ ਨੇ ਘਾਟੀ ਉੱਤੇ ਹਮਲਾ ਕਰ ਦਿੱਤਾ। [39]ਜੋਸੇਫ਼ਸ ਨੇ ਕਿਹਾ ਹੈ ਕਿ ਉਨ੍ਹਾਂ ਨੇ ਦੂਜੇ ਰਾਜਿਆਂ ਦੀ ਮਦਦ ਮੰਗੀ ਅਤੇ ਇਹ ਕਿ ਉਨ੍ਹਾਂ ਦੀ ਦੂਜੀ ਫੌਜ ਪਹਿਲੀ ਫੌਜ ਨਾਲੋਂ ਤਿੰਨ ਗੁਣਾ ਵਧੀ ਸੀ। [40]ਜੋਸੇਫ਼ਸ ਕਹਿੰਦਾ ਹੈ ਕਿ ਪਹਿਲਾਂ ਪੱਤੇ ਹਿੱਲੇ ਅਤੇ ਉਨ੍ਹਾਂ ਦੀ ਸੱਰਰ ਸੱਰਰ ਦੀ ਅਵਾਜ਼ ਆਈ ਪਰ ਹਵਾ ਨਹੀਂ ਚੱਲੀ।

[41]ਸਾਨੂੰ ਘੁਮਾ ਕੇ ਦੱਸਿਆ ਗਿਆ ਹੈ ਕਿ ਦਾਊਦ ਨੇ ਹੈਬਰੋਨ ਵਿਚ ਰਹਿੰਦੇ ਸਮੇਂ ਚਾਰ ਹੋਰ ਪਤਨੀਆਂ ਨਾਲ ਵਿਆਹ ਕੀਤਾ ਸੀ। [42]ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ''ਉਸਨੇ ਯਰੂਸ਼ਲਮ ਦੀਆਂ ਰਖੇਲਾਂ ਰੱਖ ਲਈਆਂ ਸੀ ਅਤੇ ਪਤਨੀਆਂ ਬਣਾ ਲਈਆਂ।'' ਲੇਖਕ ਨੇ ਦਾਊਦ ਦੇ ਬਹੁਪਤੀ ਵਿਹਾਰ ਦੀ ਸਿੱਧੀ ਅਲੋਚਨਾ ਨਹੀਂ ਕੀਤੀ ਜੋ ਵਿਵਸਥਾਸਾਰ 17:17 ਦੇ ਉਲਟ ਸੀ, ਪਰ ਕਹਾਣੀ ਦੇ ਅੱਗੇ ਵਧਣ ਦੇ ਨਾਲ ਉਸ ਨੇ ਤਬਾਹੀ ਨੂੰ ਖ਼ੁਦ ਅਵਾਜ਼ ਮਾਰੀ। [43]ਮੀਕਲ ਅਤੇ ਦਾਊਦ ਦੀ ਕਹਾਣੀ ਉੱਤੇ ਜ਼ੋਰ ਦੇਣ ਲਈ ਕਿ ਉਮੀਦ ਲਾਏ ਗਏ ਸਬੰਧ ਇਸ ਪ੍ਰੇਮ ਕਹਾਣੀ ਨੂੰ ਖ਼ਤਮ ਕਰ ਸਕਦੇ ਹਨ, ਇੱਥੇ ਜੋੜੀ ਜਾ ਸਕਦੀ ਹੈ। [44]1 ਇਤਿਹਾਸ 13:1 ਜਿਸ ਵਿਚ 1 ਇਤਿਹਾਸ 11:1–9 ਦੀ ਨਕਲ ਕੀਤੀ ਗਈ ਹੈ; ਵਿਚਕਾਰ ਦੀਆਂ ਆਇਤਾਂ ''ਦਾਊਦ ਦੇ ਯੋਧਿਆਂ'' ਬਾਰੇ ਦੱਸਦੀਆਂ ਹਨ। ਇਤਿਹਾਸ ਅਨੁਸਾਰ, ਹੀਰਾਮ ਵੱਲੋਂ ਦਾਊਦ ਨੂੰ ਪਛਾਣ ਦੇਣਾ, ਫ਼ਲਿਸਤੀਨੀਆਂ ਨਾਲ ਦਾਊਦ ਦਾ ਯੁੱਧ, ਅਤੇ ਬਾਕੀ ਘਟਨਾਵਾਂ ਯਰੂਸ਼ਲਮ ਵਿਚ ਸੰਦੂਕ ਨੂੰ ਲਿਆਉਣ ਦੇ ਦਾਊਦ ਦੀਆਂ ਮੁਢਲੀਆਂ ਕੋਸ਼ਿਸ਼ਾਂ ਸਨ (1 ਇਤਿਹਾਸ 13) ਅਤੇ ਅੰਤ ਵਿਚ ਸੰਦੂਕ ਲਿਆਉਣ ਵਿਚ ਉਸਦੇ ਕਾਮਯਾਬ ਹੋਣ ਵਿਚ (1 ਇਤਿਹਾਸ 15) ਹੋਈ। [45]ਇਹਦੇ ਲਈ ''follower-ship'' ਵਧੇਰੇ ਢੁਕਵਾਂ ਸ਼ਬਦ ਹੈ ਪਰ ਮੈਂ ''follow-ship''ਨੂੰ ਤਰਜੀਹ ਦਿਆਂਗਾ। [46]ਸਾਨੂੰ ਉਨ੍ਹਾਂ ਲਈ ਦੁਆ ਕਰਨੀ ਚਾਹੀਦੀ ਹੈ ਭਾਵੇਂ ਉਹ ਸਰਕਾਰ ਵਿਚ ਹੋਣ (1 ਤਿਮੋਥਿਉਸ 2:1, 2), ਕਲੀਸੀਆ ਵਿਚ ਹੋਣ (ਇਬਰਾਨੀਆਂ 13:17, 18) ਜਾਂ ਘਰ ਵਿਚ। [47]ਸਰਕਾਰ ਵਿਚ ਹੋਵੇ (ਰੋਮੀਆਂ 13:1 ਤੋਂ), ਕਲੀਸੀਆ ਵਿਚ (ਇਬਰਾਨੀਆਂ 13:17), ਜਾਂ ਘਰ ਵਿਚ (ਤੁਲਨਾ ਅਫ਼ਸੀਆਂ 5:22; 6:1–3) ਸਾਨੂੰ ਹੁਕਮ ਮੰਨਣਾ ਅਤੇ ਸਹਿਯੋਗ ਕਰਨ ਵਾਲੇ ਹੋਣਾ ਚਾਹੀਦਾ ਹੈ।


ਫ਼ਰਾਤ ਦਰਿਆ
ਦਾਊਦ ਦਾ
ਸਾਮਰਾਜ
ਕੁਪਰੁਸ
ਭੂਮੱਧ ਸਾਗਰ
ਫੈਨੀਕੇ ਵਾਸੀ
ਸੋਬਾ
ਸੀਰੀਆਈ
(ਅਰਾਮੀ)
ਸਿਦੋਨ
ਦਮਿਸ਼ਕ
ਸੂਰ
ਸਿੰਨੇਰਥ ਦਾ ਸਮੁੰਦਰ
ਗਿਲਬੋਆ
ਪਹਾੜ
ਰੱਬਾਹ
ਯਰੂਸ਼ਲਮ
ਅੰਮੋਨੀ
ਫ਼ਲਸਤੀਨੀ
ਗੱਥ
ਹੇਬਰੋਨ
ਖਾਰਾ
ਸਮੁੰਦਰ
ਮੋਆਬੀ
ਅਮਾਲੇਕੀ
ਗਸ਼ੂਰੀ
ਗਜ਼ੂਰੀ
ਮਿਸਰ
ਦਾ
ਦਰਿਆ
ਅਦੋਮੀ
ਲਾਲ ਸਮੁੰਦਰ